ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ. ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 90418 78800

# ਸਾਂਝੀ ਸੋਚ

SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-11 ISSUE 1773 16 June, 2024 Sunday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

# ਅਮਰੀਕਾ 'ਚ ਨੂਰਮਹਿਲ ਦੀਆਂ ਕੁੜੀਆਂ 'ਤੇ ਨਕੋਦਰ ਦੇ ਨੌਜਵਾਨ ਨੇ ਚਲਾਈਆਂ ਗੋਲੀਆਂ, ਇਕ ਕੁੜੀ ਦੀ ਮੌਕੇ 'ਤੇ ਹੀ ਮੌਤ

ਨਿਊਜਰਸੀ
ਸਾਂਝੀ ਸੋਚ ਬਿਊਰੋ

ਅਮਰੀਕਾ ਦੇ ਨਿਊ ਜਰਸੀ ਦੇ ਵੈਸਟ ਕਾਟੇਂਰੇਟ ਸੈਕਸ਼ਨ 'ਚ ਨਕੋਦਰ ਤੋਂ ਆਏ ਨੌਜਵਾਨ ਨੇ ਨੂਰਮਹਿਲ ਦੀਆਂ 2 ਚਚੇਰੀਆਂ ਭੈਣਾਂ ਦੇ ਗੋਲੀਆਂ ਮਾਰ ਦਿੱਤੀਆਂ। ਇਸ ਦੌਰਾਨ ਇਕ ਕੁੜੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਉਸ ਦੀ ਚਚੇਰੀ ਭੈਣ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਏ। ਬੁੱਧਵਾਰ ਨੂੰ ਹੋਈ ਘਟਨਾ ਤੋਂ ਬਾਅਦ ਪੁਲਸ ਨੇ ਦੋਸ਼ੀ ਨੂੰ 6 ਘੰਟੇ ਤਲਾਸ਼ੀ ਮੁਹਿੰਮ ਚਲਾ ਕੇ ਗ੍ਰਿਫ਼ਤਾਰ ਕਰ ਲਿਆ। ਦੋਸ਼ੀ ਦੀ ਪਛਾਣ ਨਕੋਦਰ ਦੇ ਪਿੰਡ ਹੁਸੈਨਪੁਰ ਵਾਸੀ 19 ਸਾਲਾ ਗੌਰਵ ਗਿੱਲ ਵਜੋਂ ਹੋਈ ਹੈ। ਗੌਰਵ ਕੁਝ ਸਾਲ ਪਹਿਲੇ ਜਲੰਧਰ ਤੋਂ ਆਈਲੈਟਸ ਕਰ ਕੇ ਸਟਡੀ ਵੀਜ਼ਾ 'ਤੇ ਅਮਰੀਕਾ ਗਿਆ ਸੀ। ਪਰਿਵਾਰ 'ਚ ਇਕ ਛੋਟਾ ਭਰਾ ਹੈ, ਜੋ ਕਿ ਅਜੇ ਇੱਥੇ ਹੈ। ਪਿਤਾ ਅਰਬ ਦੇਸ਼ 'ਚ ਰਹਿੰਦੇ ਹਨ ਤਾਂ ਮਾਂ ਨਕੋਦਰ 'ਚ ਹਾਊਸ ਵਾਈਫ਼ ਹੈ। ਦੱਸਿਆ ਜਾ ਰਿਹਾ ਹੈ ਕਿ ਗੌਰਵ ਨੇ ਪਿਛਲੇ ਦਿਨੀਂ ਕਿਸੇ ਵਿਵਾਦ ਨੂੰ ਲੈ ਕੇ ਜਸਵੀਰ ਕੌਰ ਅਤੇ ਉਸ ਦੀ ਚਚੇਰੀ ਭੈਣ 'ਤੇ ਗੋਲੀਆਂ ਚਲਾ ਦਿੱਤੀਆਂ ਸਨ। ਇਸ ਨਾਲ ਜਸਵੀਰ ਕੌਰ (29) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਉਸ ਦੀ ਚਚੇਰੀ ਭੈਣ (20) ਗੰਭੀਰ ਰੂਪ ਨਾਲ ਜ਼ਖ਼ਮੀ ਹੈ, ਜਿਸ ਦਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਜਾਣਕਾਰੀ ਅਨੁਸਾਰ ਦੋਵੇਂ ਭੈਣਾਂ ਜਲੰਧਰ ਦੇ ਨੂਰਮਹਿਲ ਦੀਆਂ ਰਹਿਣ ਵਾਲੀਆਂ ਹਨ। ਮ੍ਰਿਤਕਾ ਜਸਵੀਰ ਕੌਰ ਵਿਆਹੁਤਾ ਹੈ। ਪਤੀ ਗੋਲੀ ਚੱਲਣ ਦੇ ਸਮੇਂ ਸ਼ਹਿਰ ਤੋਂ ਬਾਹਰ ਟਰੱਕ ਲੈ ਕੇ ਗਿਆ ਹੋਇਆ ਸੀ। ਜਾਣਕਾਰੀ ਅਨੁਸਾਰ ਜ਼ਖ਼ਮੀ ਕੁੜੀ ਅਤੇ ਗੌਰਵ ਜਲੰਧਰ 'ਚ ਇਕੱਠੇ ਹੀ ਆਈਲੈਟਸ ਕਰਦੇ ਸਨ। ਉਹ ਪਹਿਲੇ ਤੋਂ ਇਕ-ਦੂਜੇ ਨੂੰ ਜਾਣਦੇ ਸਨ। ਫਿਲਹਾਲ ਗੋਲੀ ਮਾਰਨ ਦਾ ਕਾਰਨ ਅਜੇ ਸਾਹਮਣੇ ਨਹੀਂ ਆਇਆ ਹੈ। ਪੁਲਸ ਨੇ ਦੋਸ਼ੀ ਨੂੰ ਮਿਡਿਲਸੈਕਸ ਕਾਊਂਟੀ ਕੋਰਟ 'ਚ ਜੱਜ ਦੇ ਸਾਹਮਣੇ ਪਹਿਲੀ ਵਾਰ ਪੇਸ਼ ਕੀਤਾ। ਦੋਵੇਂ ਕੁੜੀਆਂ ਕ੍ਰਾਈਮ ਸੀਨ ਤੋਂ ਕੁਝ ਹੀ ਦੂਰੀ 'ਤੇ ਰਹਿੰਦੀਆਂ ਹਨ। ਸਥਾਨਕ ਪੁਲਸ ਨੇ ਦੋਸ਼ੀ 'ਤੇ ਕਤਲ, ਕਤਲ ਦੀ ਕੋਸ਼ਿਸ਼ ਅਤੇ ਗੈਰ-ਕਾਨੂੰਨੀ ਰੂਪ ਨਾਲ ਹਥਿਆਰ ਰੱਖਣ ਦਾ ਮਾਮਲਾ ਦਰਜ ਕੀਤਾ ਹੈ। ਜਸਵੀਰ ਕੌਰ ਦੇ ਮਕਾਨ ਮਾਲਕ ਨੇ ਦੱਸਿਆ ਕਿ ਜਸਵੀਰ ਹਫ਼ਤੇ 'ਚ 6 ਦਿਨ ਕੰਮ ਕਰਦੀ ਸੀ। ਉਹ ਕੰਮ ਤੋਂ ਇਲਾਵਾ ਕਿਤੇ ਨਹੀਂ ਜਾਂਦੀ ਸੀ। ਉਨ੍ਹਾਂ ਦੱਸਿਆ ਕਿ ਉਹ ਵਿਆਹੁਤਾ ਹੈ। ਉਹ ਕਾਰਟ ਰੇਟ 'ਚ ਐਮਾਜ਼ੋਨ ਦੀ ਸਹੂਲਤ 'ਚ ਕੰਮ ਕਰਦੀ ਹੈ। ਉਸ ਦਾ ਪਤੀ ਟਰੱਕ ਡਰਾਈਵਰ ਹੈ ਅਤੇ ਗੋਲੀਬਾਰੀ ਦੇ ਸਮੇਂ ਸ਼ਹਿਰ ਤੋਂ ਬਾਹਰ ਸੀ। ਦੋਸ਼ੀ ਗੌਰਵ ਨੂੰ ਗ੍ਰਿਫ਼ਤਾਰ ਕਰਨ ਦੀ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਈ ਹੈ, ਜਿਸ 'ਚ ਦਿਖਾਈ ਦੇ ਰਿਹਾ ਹੈ ਕਿ ਦੋਸ਼ੀ ਕਿਸੇ ਘਰ 'ਚ ਲੁਕਿਆ ਹੋਇਆ ਸੀ। ਉਸ ਨੂੰ ਪਹਿਲੇ ਪੁਲਸ ਫ਼ੋਰਸ ਦੇ ਚਾਰੇ ਪਾਸਿਓਂ ਘੇਰ ਲਿਆ। ਫਿਰ ਉਸ ਨੇ ਹੱਥ ਚੁੱਕ ਕੇ ਸਰੰਡਰ ਕਰ ਦਿੱਤਾ। ਮੰਗਲਵਾਰ ਨੂੰ ਮਾਮਲੇ ਦੀ ਅਗਲੀ ਸੁਣਵਾਈ ਹੋਵੇਗੀ।



# ਬਦਰੀਨਾਥ ਦੇ ਰੁਦਰਪ੍ਰਯਾਗ 'ਚ ਵੱਡਾ ਹਾਦਸਾ 10 ਲੋਕਾਂ ਦੀ ਮੌਤ, 7 ਗੰਭੀਰ ਜ਼ਖ਼ਮੀ

ਰੁਦਰਪ੍ਰਯਾਗ
ਸਾਂਝੀ ਸੋਚ ਬਿਊਰੋ

ਬਦਰੀਨਾਥ ਨੇੜੇ ਰੁਦਰਪ੍ਰਯਾਗ 'ਚ ਇਕ ਵੱਡਾ ਹਾਦਸਾ ਸਾਹਮਣੇ ਆਇਆ ਹੈ। ਇੱਥੇ 17 ਲੋਕਾਂ ਨੂੰ ਲੈ ਕੇ ਜਾ ਰਹੀ ਇੱਕ ਟਰੈਵਲਰ ਕਾਰ ਖਾਈ ਵਿੱਚ ਡਿੱਗ ਗਈ। ਇਸ ਕਾਰ ਦੇ ਡਿੱਗਣ ਤੋਂ ਬਾਅਦ ਮੌਕੇ 'ਤੇ ਹੰਗਾਮਾ ਹੋ ਗਿਆ। ਬਚਾਅ ਕਾਰਜ ਵੀ ਲਗਾਤਾਰ ਜਾਰੀ ਹੈ। ਇਸ ਹਾਦਸੇ 'ਚ ਹੁਣ ਤੱਕ 10 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਚੁੱਕੀ ਹੈ। ਸੱਤ ਲੋਕ ਜ਼ਖਮੀ ਹੋਏ ਹਨ।

ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਤੁਰੰਗ ਐਸਡੀਆਰਐਫ ਦੀਆਂ ਟੀਮਾਂ ਬਚਾਅ ਲਈ ਮੌਕੇ 'ਤੇ ਪਹੁੰਚ ਗਈਆਂ। ਬਚਾਅ ਤੋਂ ਬਾਅਦ ਲੋਕਾਂ ਨੇ ਜ਼ਖਮੀਆਂ ਨੂੰ ਬਾਹਰ ਕੱਢਿਆ ਅਤੇ ਇਲਾਜ ਲਈ ਹਸਪਤਾਲ ਭੇਜਿਆ ਗਿਆ। ਹੁਣ ਇਸ ਹਾਦਸੇ ਵਿੱਚ 10 ਲੋਕਾਂ ਦੀ ਮੌਤ ਹੋ ਗਈ ਹੈ। ਸੱਤ ਲੋਕਾਂ ਦਾ ਇਲਾਜ ਚੱਲ ਰਿਹਾ ਹੈ। ਇਸ ਹਾਦਸੇ ਤੋਂ ਬਾਅਦ ਮੌਕੇ 'ਤੇ ਹਾਹਾਕਾਰ ਮੱਚ ਗਈ। ਤੁਹਾਨੂੰ ਦੱਸ ਦੇਈਏ ਕਿ ਚਾਰਧਾਮ ਯਾਤਰਾ ਦਾ ਸੀਜ਼ਨ ਚੱਲ ਰਿਹਾ ਹੈ। ਹਰ ਰੋਜ਼ ਸੈਂਕੜੇ ਯਾਤਰੀ ਇਸ ਯਾਤਰਾ 'ਤੇ ਨਿਕਲਦੇ ਹਨ। ਇਸ ਦੇ ਨਾਲ ਹੀ ਇਸ ਯਾਤਰਾ ਕਾਰਨ ਹਾਦਸਿਆਂ ਦੀਆਂ ਖ਼ਬਰਾਂ ਵੀ ਸਾਹਮਣੇ ਆ ਰਹੀਆਂ ਹਨ। ਕੜਾਕੇ ਦੀ ਗਰਮੀ ਵਿੱਚ ਵੀ ਪਹਾੜਾਂ ਵਿੱਚ ਮੌਸਮ ਠੰਢਾ ਰਹਿੰਦਾ ਹੈ। ਇਸ ਸਿਲਸਿਲੇ 'ਚ ਲੋਕ ਚਾਰਧਾਮ ਯਾਤਰਾ 'ਤੇ ਨਿਕਲ ਚੁੱਕੇ ਹਨ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

GINNY BEDI LAW PC
Immigration
Divorce
Custody and Support issues
Business Disputes
Living Trusts
Criminal Matters
Misdemeanors
DUI
Ginny Bedi Attorney
ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।
255 N Market St Ste 150 San Jose CA 95110
Tel: (408) 800-0242 Fax: (408) 800-0240, Mobile: (408) 802-2501
Email: ginny@ginnybedilaw.com Web: www.ginnybedilaw.com

Serving Punjabi Mother Tongue In America For The Last 12 Years
ਸਾਂਝੀ ਸੋਚ
DAILY SANJHI SOCH NEWSPAPER
LAUNCHING SOON IN Canada
ਖ਼ਬਰਾਂ, ਆਰਟੀਕਲ, ਕਵਿਤਾਵਾਂ, ਕਹਾਣੀਆਂ ਅਤੇ ਹੋਰ ਛਪਣਯੋਗ ਸਮੱਗਰੀ
LAUNCHING SOON
info@sanjhisoch.com ਤੇ ਭੇਜੋ
+1 (209) 303-1260 +91 81463-20009

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ® CalDRE # 02115235
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

PAL FILMS & PHOTO BOOKS
WWW.PALFILMS.COM
All Your Photo/Videography & Post Production needs Under One Roof
Music Video | Pre Shoots | Weddings | Birthdays | Graduations Stage Shows Or Any Kind Of Events | Customize Photobooks (upto 6 feet) Video Editing VFX/DI/CC & Much More....
Full Photo & Videography studio with Green Screen Blue Screen
PH: (925) 489 3400, (341) 356 1517
4007 Railroad Ave Pittsburgh, CA 94565 | Email: palfilms@yahoo.com, palfilms925@gmail.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you

For more properties or business, contact us.






**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਕੈਨੇਡਾ ਦੀ ਆਰਥਿਕਤਾ ’ਤੇ ਮੰਦੀ ਦਾ ਪਰਛਾਵਾਂ



ਜਗਦੀਸ਼ ਸਿੰਘ ਚੋਹਕਾ
ਕੈਲਗਰੀ (ਕੈਨੇਡਾ)
91-92179-97445
001-403-285-4208
jagdishchohka@gmail.com

ਡੂੰਘੀ ਹੋ ਰਹੀ ਸੰਸਾਰ ਆਰਥਿਕ ਮੰਦੀ ਜਿਸ ਦੇ ਸੁਧਰਨ ਲਈ ਸੰਸਾਰ ਪੂੰਜੀਵਾਦੀ ਨਵਉਦਾਰਵਾਦ ਦੇ ਦਿਵਾਲੀਆਪਣ ਹਲ ਸਭ ਅਸਫਲ ਹੋ ਰਹੇ ਹਨ। ਇਸ ਦੇ ਉਲੱਟ ਜੋ ਪ੍ਰੋਤਸਾਹਨ ਪੈਕਜ ਤਿਆਰ ਕੀਤੇ ਗਏ ਸਨ, ਉਹ ਕਾਰਪੋਰੇਟਰਾਂ ਵਲੋਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਅਤੇ ਨਵ-ਉਦਾਰਵਾਦੀ ਚਾਲ ਨੂੰ ਹੀ ਹੋਰ ਮਜ਼ਬੂਤ ਕਰ ਰਹੇ ਹਨ! ਸਗੋਂ ਗਲੋਬਲ ਕਰਜਾ ਵਧ ਕੇ 315-ਬਿਲੀਅਨਜ਼ (ਮਈ, 2024) ਤੱਕ ਪੁੱਜ ਗਿਆ ਹੈ (ਕੌਮਾਂਤਰੀ ਵਿਤੀ ਸੰਸਥਾ)। ਇਸ ਸੰਸਾਰ ਮੰਦੇ ਦਾ ਕੈਨੇਡਾ ‘ਤੇ ਵੀ ਦੁਰ-ਪ੍ਰਭਾਵ ਪੈ ਰਿਹਾ ਹੈ। ਘਰਾਂ ਦੀ ਸਮੱਸਿਆ ਜੋ 30-ਲੱਖ ਘਰਾਂ ਦੀ ਥੁੜ੍ਹ ਤਕ ਪੁੱਜ ਜਾਵੇਗੀ? 2050 ਤਕ ਵਿਕਾਸ ਦਰ ਵਾਧਾ 2.00-ਫੀਸਦ ਤਕ ਪੁੱਜਣ ਦੀ ਕੋਈ ਆਸ ਨਹੀਂ ਹੈ ! ਰੁਜ਼ਗਾਰ, ਪ੍ਰਵਾਸੀ ਲੋਕਾਂ ਲਈ ਸਹੂਲਤਾਂ, ਸਨਅਤੀ ਪੈਦਾਵਾਰ, ਕੀਮਤਾਂ ‘ਚ ਵਾਧਾ, ਕੱਚਾ ਮਾਲ ਸੂਚਕ ਕੀਮਤਾਂ, ਘਰਾਂ ਦੇ ਗੈਹਣੇ ਪੈਣ ਨਾਲ ਆਮ ਖਪਤਕਾਰ ਦੀ ਆਰਥਿਕਤਾ ‘ਤੇ ਪੈ ਰਹੇ ਪ੍ਰਭਾਵ ਇਹ ਸਭ ਕੈਨੇਡਾ ਅੰਦਰ ਉੱਚੀ ਮੁਦਰਾ ਸਫੀਤੀ ਕਾਰਨ ਸੁਸਤ-ਵਾਧਾ ਦਰ (DISMAL GROWTH) ਦੇ ਲੱਛਣ ਹਨ ! ਭਾਵੇ ਜਸਟਿਨ ਟਰੂਡੋ ਦੀ ਲਿਬਰਲ ਘੱਟ ਗਿਣਤੀ ਦੀ ਸਰਕਾਰ ਜਿਸ ਨੂੰ ਐਨ.ਡੀ.ਪੀ. ਦਾ ਠੁੱਮਣਾ ਮਿਲਿਆ ਹੋਹਿਆ ਹੈ, ਦਾ ਕੈਨੇਡੀਅਨ ਲੋਕਾਂ ਨੂੰ ਇਸ ਸਾਲ ਦੇ ਬਜਟ ਵਿੱਚ ਦਿਤੇ ਲਾਰੇ ਅਤੇ ਰਿਆਇਤਾਂ, ‘ਕਿ ਭਲੇ ਦਿਨ ਆਉਣਗੇ ਅਜੇ ਕਾਗਜ਼ਾਂ ਵਿੱਚ ਹੀ ਖੁਸ਼ੀਆਂ ਵੰਡ ਰਹੇ ਹਨ।

ਅਮਲ ਵਿੱਚ ਕੈਨੇਡਾ ਇਕ ਵਿਕਸਤ ਪੂੰਜੀਵਾਦੀ ਯੂਰਪੀ ਬਸਤੀਵਾਦੀ ਸਾਮਰਾਜੀਆਂ ਵਲੋਂ ਵਿਕਸਤ ਕੀਤਾ ਦੇਸ਼ ਹੈ। ਕੈਨੇਡਾ ਸੰਸਾਰ ਦੀ ਆਰਥਿਕਤਾ ਅੰਦਰ ਉਪਰਲੇ ਰੁਤਬਿਆ ਵਾਲੀ ਥਾਂ ਰੱਖਦਾ ਹੈ। ਇਸ ਦੀ ਨੇੜਤਾ ਮੰਡੀਕਰਨ ਅਤੇ ਆਰਥਿਕ ਪ੍ਰਨਾਲੀ ਤੇ ਪੈਦਾਵਾਰੀ ਢੰਗ ਅਮਰੀਕਾ ਵਾਲਾ ਹੀ ਹੈ। ਇਹ ਨਾਟੋ ਦਾ ਭਾਈਵਾਲ ਅਤੇ ਪੱਛਮੀ ਦੇਸ਼ਾਂ ਨਾਲ ਸਭਿਅਕ ਤੌਰ ‘ਤੇ ਨੇੜੇ ਹੈ। ਇਹ ਦੁਨੀਆ ਦਾ ਖੇਤਰਫਲ ਵਿੱਚ, ‘ਰੂਸ ਦੇ ਬਾਅਦ ਦੂਸਰੀ ਥਾਂ ਰੱਖਦਾ ਹੈ ਤੇ ਇਸ ਦੀ ਆਬਾਦੀ 4-ਕਰੋੜ ਹੀ ਹੈ। ਇਥੋਂ ਦੇ ਮੂਲਵਾਸੀ ਜੋ ਇਸ ਦੇਸ਼ ਦੀ ਧਰਤੀ ਦੇ ਮਾਲਕ ਹਨ ਅਤਿ ਗਰੀਬੀ-ਗੁਰਬਤ ਵਿੱਚ ਹੀ ਜੀਅ ਰਹੇ ਹਨ ! ਕੈਨੇਡਾ ਪੂੰਜੀਵਾਦੀ ਉਦਾਰੀਵਾਦੀ ਆਰਥਿਕਤਾ ‘ਤੇ ਚਲਣ ਵਾਲਾ ਦੇਸ਼ ਹੈ। ਇਸ ਦਾ ਰਾਜਨੀਤਕ ਢਾਂਚਾ ਪਾਰਲੀਮਾਨੀ ਜਮਹੂਰੀਅਤ ਤਰਜ਼ ਵਾਲਾ ਹੈ। 1867 ਤੋਂ ਇਥੇ ਆਮ ਤੌਰ ‘ਤੇ ਦੋ ਪਾਰਟੀਆਂ ਲਿਬਰਲ ਅਤੇ ਕੰਜ਼ਰਵੇਟਿਵ (ਟੋਰੀ) ਪਾਰਟੀਆਂ ਦਾ ਹੀ ਬੋਲ-ਬਾਲਾ ਰਿਹਾ ਹੈ। ਕੈਨੇਡਾ ਦੀ ਆਰਥਿਕਤਾ ‘ਤੇ ਪੂੰਜੀਵਤੀਆਂ, ਕਾਰਪੋਰੇਟ ਘਰਾਣਿਆ ਦਾ ਹੀ ਰਾਜਸਤਾ ਤੇ ਦਬ-ਦਬਾ ਚੱਲਿਆ ਆ ਰਿਹਾ ਹੈ। ਜਮਾਤੀ ਤੌਰ ‘ਤੇ ਹੇਠਲਾ ਵਰਗ ਅਤੇ ਕਿਰਤੀ ਵਰਗ ਇਥੋ ਦੇ ਪੂੰਜੀਵਾਦੀ ਸ਼ੋਸ਼ਣ ਦੇ ਵਿਰੁੱਧ ਅਤੇ ਸਮਾਜਕ ਪ੍ਰੀਵਰਤਨ ਲਿਆਉਣ ਲਈ ਅੱਜੇ ਨਿਗਰ ਨਹੀ ਹਨ। ਹਾਂ ! ਸਰਕਾਰ ਉਹਨਾਂ ਨੂੰ ਜਿਊਣ ਜੋਗੀ ਸਹਾਇਤਾ ਦੇ ਕੇ ਪੈਰਾਂ ਤੇ ਖੜਾ ਰੱਖਦੀ ਹੈ ?ਇਸ ਪਾਸੇ ਤਾਂ ਕੈਨੇਡਾ ਅੰਦਰ ਮੰਦਾ ਮਾਰੋ ਮਾਰ ਕਰਦਾ ਆ ਰਿਹਾ ਹੈ। ਜਿਸ ਲਈ ਉਚ ਵਿਆਜ ਦਰਾਂ ਜੋ ਬੈਂਕ ਆਫ ਕੈਨੇਡਾ ਨੇ ਹੁਣ 4.75 ਫੀਸਦੀ ਕਰ ਦਿੱਤੀਆਂ ਹਨ, ਜਿਹੜੀਆਂ 2001 ਤੋਂ ਬਾਦ ਸਭ ਤੋਂ ਟੀਸੀ ‘ਤੇ ਹਨ। ਪਰ ਦੂਸਰੇ ਪਾਸੇ ਘਰਾਂ ਦੇ ਮਾਲਕਾਂ, ਜਿਹਨਾਂ ਨੇ ਲੋਕਾਂ ਨੂੰ ਮਕਾਨ ਗੈਹਣੇ ਕਰਕੇ ਕਰਜ਼ੇ ਦਿੱਤੇ ਹਨ, ਹੁਣ ਬੈਂਕਾ ਵਲੋਂ ਹਰ ਸਮੇਂ ਵਿਆਜ ਦਰਾਂ ਵਧਾਈਆਂ ਜਾ ਰਹੀਆਂ ਕਿਸ਼ਤਾਂ ਦਾ ਭਾਰ ਵੱਧਣ ਨਾਲ, ਖਪਤਕਾਰ ਦੇ ਬਜਟ ਡਾਵਾਂਡੋਲ ਹੋ ਗਏ ਹਨ, ਸਰਕਾਰ ਦੀਆਂ ਇਨ੍ਹਾਂ ਨੀਤੀਆ ਕਾਰਨ ਜਿਥੇ ਖਪਤਕਾਰਾਂ ‘ਤੇ ਅਥਾਹ ਬੋਝ ਪੈ ਰਿਹਾ ਹੈ, ਉਥੇ ਲੈਣ ਦੇਣ ਅੰਦਰ ਸੰਕਟ ਆ ਰਿਹਾ ਹੈ (29-ਫਰਵਰੀ 2024 ਦੀ ਇਕ ਰਿਪੋਰਟ)। ਦੇਸ਼ ਅੰਦਰ ਵਸਤੂਆਂ ਦੀ ਪੈਦਾਵਾਰ ਘੱਟਣ ਕਾਰਨ ਤੇ ਮੰਗ ਵੱਧਣ ਕਾਰਨ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ। ਕੈਨੇਡਾ ਅੰਦਰ ਕੌਮੀ ਭੰਡਾਰ ਤਾਂ ਹਨ ਅਤੇ ਵਿਭਿੰਨਤਾ ਵਾਲੀ ਆਰਥਿਕਤਾ ਵੀ ਹੈ। ਖਾਨਾਂ, ਸੋਨਾ, ਯੂਰੇਨੀਅਮ, ਜਿੰਕ, ਕੌਪਰ, ਨਿਕਲ, ਤੇਲ ਦੇ ਭਰਪੂਰ ਸੋਮੇ ਹਨ। ਪਰ ਅਸਿੱਧੇ ਤੌਰ ‘ਤੇ ਇਨ੍ਹਾਂ ਸੋਮਿਆ ‘ਤੇ 80-ਫੀ ਸਦ ਕਬਜਾ ਅਮਰੀਕਾ ਦੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਦਾ ਹੈ। ਬੇਰੁਜ਼ਗਾਰੀ ਦਰ 6.10 ਫੀ ਸਦ ਪੁੱਜ ਗਈ ਹੈ ਜੋਸ ਪਿਛਲਿਆ ਮਹੀਨਿਆ ਦੌਰਾਨ 5.10 ਫੀ ਸਦ ਸੀ। ਖੁਰਾਕੀ ਵਸਤਾਂ ਦੀਆਂ ਕੀਮਤਾਂ 30.2 ਫੀ ਸਦ, ਕਰੀਮ ‘ਚ 30.9 ਫੀ ਸਦ , ਆਂਡਿਆ ‘ਚ 39.9 ਫੀ ਸਦ, ਚਿਕਨ ‘ਚ 17.5 ਫੀ ਸਦ, ਦੁੱਧ ‘ਚ 25.7 ਫੀ ਸਦ, ਦਹੀ ‘ਚ 27.1 ਫੀ ਸਦ ਵਾਧਾ ਅਤੇ ਗੈਸ ਦੀਆਂ ਕੀਮਤਾਂ ਦਿਨੋ ਦਿਨ ਵੱਧ ਰਹੀਆਂ ਹਨ !

ਭਾਵੇ ਟਰੂਡੋ ਸਰਕਾਰ ਜੋ ਘੱਟ ਗਿਣਤੀ ਵਿੱਚ ਹੈ ਅਤੇ ਜਿਸ ਨੂੰ ਠੁਮਣਾ ਐਨ.ਡੀ.ਪੀ. ਜੋ ਲਫਾਜੀ ਸਮਾਜਵਾਦੀ ਪਾਰਟੀ ਹੈ ਵਲੋਂ ਦੇ ਕੇ ਬਚਾਇਆ ਹੋਇਆ ਹੈ, ਪਰ ਦੋਨਾਂ ਦੀਆਂ ਆਰਥਿਕ ਨੀਤੀਆਂ ਕਾਰਪੋਰੇਟ ਪੱਖੀ ਹੀ ਹਨ। ਹਾਂ ! ਕਈ ਵਾਰ ਰਿਉੜੀਆਂ ਵੰਡ ਕੇ ਆਵਾਮ ਨੂੰ ਸੰਘਰਸ਼ਾਂ ‘ਚ ਪੈਣ ਤੋਂ ਰੋਕਦੀਆਂ ਹਨ। ਕੈਨੇਡਾ ਅੰਦਰ ਜੀਵਨ ਦੀਆਂ ਕਦਰਾਂ ਕੀਮਤਾਂ ਬੜੀ ਤੇਜ਼ੀ ਨਾਲ ਡਿਗ ਰਹੀਆਂ ਹਨ ‘ਤੇ ਪਿਛਲੇ ਚਾਰ-ਦਹਾਕਿਆ ਤੋਂ ਅੱਜ ਤਕ (-) 3.0 ਫੀ ਸਦ ਹੇਠਾਂ ਆ ਗਈਆਂ ਹਨ। ਬੈਂਕਿੰਗ ਸੇਵਾਵਾਂ ਵਿੱਚ ਉਚ ਵਿਆਜ ਦਰਾਂ ਜੋ ਪਲ ਪਲ ‘ਤੇ ਵਧਾਈਆ ਜਾ ਰਹੀਆਂ ਹਨ। ਮਕਾਨਾਂ ਦਾ ਮਾਰਟਗੇਜ਼ ਲੋਕਾਂ ਦਾ ਕਈ ਦਹਾਕਿਆ ਤਕ ਖੂਨ ਚੂਸਦਾ ਰਹਿੰਦਾ ਹੈ। ਕਰੈਡਿਟ ਕਾਰਡ ਦਾ ਫੰਦਾ ਪਿਛਾ ਨਹੀਂ ਛੱਡਦਾ ਹੈ। ਮਕਾਨਾਂ ਦਾ ਮਾਰਟਗੇਜ਼ ਮਹਿੰਗਾ ਹੋਣ ਕਰਕੇ ਆਮ ਕੈਨੇਡੀਅਨ ਹੁਣ ਮਕਾਨ ਵੀ ਨਹੀਂ ਖਰੀਦ ਸਕਦਾ ਹੈ। ਚਾਰ ਕੈਨੇਡੀਅਨਾਂ ਵਿਚੋਂ ਤਿੰਨਾਂ ਨੇ ਮਹਿੰਗਾਈ ਕਾਰਨ ਅਤੇ ਦਸ ਵਿੱਚੋਂ ਤਿੰਨ ਨੇ ਮਕਾਨ ਖਰੀਦਣ ਤੋਂ ਅਸਮਰਥਾ ਪ੍ਰਗਟਾਈ ਹੈ ? 2022 ਤੋਂ ਹੁਣ ਤਕ 44-ਫੀ ਸਦ ਮਕਾਨਾਂ ਦੀ ਥੁੜ ਪਾਈ ਗਈ ਤੇ 500 ਡਾਲਰ ਦਾ ਲੋਕਾਂ ਤੇ ਹੋਰ ਵਾਧੂ ਬੋਝ ਪਿਆ ਹੈ। ਮਕਾਨਾਂ ਦੀਆ ਵੱਧੀਆਂ ਕੀਮਤਾਂ ਕਾਰਨ ਮੁਦਰਾ-ਸਫੀਤੀ ਦਰ 4.8 ਫੀ ਸਦ ਵੱਧੀ ਹੈ। ਕੈਨੇਡਾ ਦੀ ਆਰਥਿਕਤਾ ਨੂੰ ਵੱਡੀ ਢਾਅ ਜੋ ਮੁਦਰਾ-ਸਫੀਤੀ ਰਾਹੀਂ ਹੀ ਲਗ ਰਹੀ ਹੈ।

ਕੈਨੇਡਾ ਦੇ ਅੰਕਾਂ ਵਿਭਾਗ ਦੀ ਆਰਥਿਕ ਰਿਪੋਰਟ ਜਨਵਰੀ, 2024 ਅਨੁਸਾਰ ਘਰੇਲੂ ਕੁਲ ਪੈਦਾਵਾਰ ਵਾਧਾ (ਜੀ.ਡੀ.ਪੀ.) ਮੁਢਲੀਆ ਕੀਮਤਾਂ ‘ਤੇ ਕੇਵਲ 0.6-ਫੀਸਦ ਹੀ ਨੋਟ ਕੀਤਾ ਗਿਆ ਹੈ, (ਸਲਾਨਾ ਦਰ 7.4-ਫੀਸਦ)। ਇਸ ਤੋਂ ਪਹਿਲਾ ਐਸਟੀਮੇਟ 0.4-ਫੀ ਸਦ ਵਾਧਾ (ਫਰਵਰੀ ‘ਚ 4.9-ਫੀ ਸਦ ਸਲਾਨਾ) ਅੰਕਿਆ ਸੀ। ਇਹ ਹੁਣ ਦਰਸਾਉਂਦਾ ਹੈ ਕਿ ਕੈਨੇਡਾ ‘ਚ ਮੰਦਾ ਪਨਪ ਰਿਹਾ ਹੈ। ਭਾਵੇਂ ਸਰਕਾਰ ਇਹ ਕਹਿ ਰਹੀ ਹੈ ਮੰਦਾ ਟਲ ਜਾਵੇਗਾ। (DELOTTE)। ਪਰ ਇਹ ਹਾਲਾਤ ਵਿਆਜ ਦਰਾਂ ਘਟਾਉਣ ਲਈ ਪੈ ਰਹੇ ਦਬਾਅ ਕਾਰਨ ਹੀ ਹੋਣਗੇ। (ਇਕ ਰਿਪੋਰਟ ਅਪ੍ਰੈਲ, 2024)। ਪਿਛਲੇ ਮੰਦਵਾੜੇ ਦੌਰਾਨ ਕੈਨੇਡਾ ਦੀ ਜੀ.ਡੀ.ਪੀ. 3.3 ਫੀਸਦ ਤੋਂ ਘੱਟ ਕੇ 3.00-ਫੀ ਸਦ ਰਹਿ ਗਈ ਸੀ ! ਇਹ ਵਿਕਾਸ ਦਰ 1980 ਤੋਂ 1990 ਤੋਂ ਖਿਸਕਦੀ 2.2-ਫੀ ਸਦ ਤੋਂ ਘੱਟ ਕੇ 1.9-ਫੀ ਸਦ ਪੁੱਜ ਗਈ ਸੀ। ਐਮਰਜੈਂਸੀ ਫੰਡ ਅਤੇ ਕਰਜੇ ‘ਤੇ ਵੱਧੇ ਵਿਆਜ ਦੇ ਭੁਗਤਾਨ ‘ਤੇ ਰੋਕ ਨਾਲ ਹੀ ਘੇਰੇ ‘ਚ ਰਿਹਾ ਜਾ ਸਕਦਾ ਹੈ। ਕੈਨੇਡਾ 1981-82 ਤੋਂ 1990-91 ਤਕ ਭਿਆਨਕ ਮੰਦੇ ਦਾ ਸ਼ਿਕਾਰ ਰਿਹਾ ਹੈ। ਜਦ ਕੈਨੇਡਾ ਦੀ ਜੀ.ਡੀ.ਪੀ. 0.7-ਫੀ ਸਦ ਤਕ ਹੇਠਾਂ ਆ ਗਈ ਸੀ। ਇਹ ਲੱਛਣ ਪੂੰਜੀਵਾਦੀ ਵਿਕਾਸ ਵਾਲੀਆਂ ਉਦਾਰੀਵਾਦੀ ਆਰਥਿਕ ਨੀਤੀਆ ਦੇ ਸਿੱਟੇ ਦਾ ਹੀ ਨਤੀਜਾ ਹਲ।

ਕੈਨੇਡਾ ਅੰਦਰ ਮੰਦੇ ਦਾ ਕਾਰਨ ਕਾਰਪੋਰੇਟ ਘਰਾਣਿਆਂ ਨੂੰ ਦਿਤੀਆਂ ਖੁਲ੍ਹੀਆ ਛੋਟਾਂ, ਉਹਨਾਂ ਨੂੰ ਕਾਰਪੋਰੇਟ ਟੈਕਸਾਂ ਵਿੱਚ ਮਿਲ ਰਹੀਆਂ ਰਿਆਇਤਾਂ ਅਤੇ ਹਾਊਸ ਹੋਲਡ ਮਾਲਕਾਂ ਨੂੰ ਵਾਧੂ ਮਕਾਨਾਂ ਦੀ ਵੇਚ ਤੋਂ ਰੋਕ ਕਾਰਨ ਪੂੰਜੀ ਦਾ ਵਹਾ ਮੰਡੀ ਵਲ ਨਾ ਆਉਣਾ, ਨਾ ਪੂੰਜੀ ਦਾ ਨਿਵੇਸ਼ ਹੋ ਰਿਹਾ ਅਤੇ ਨਾ ਹੀ ਖਪਤਕਾਰਾਂ ਦੀਆਂ ਜੇਬਾਂ ‘ਚ ਡਾਲਰ ਆ ਰਹੇ ਹਨ। ਕੰਮ ਮਿਲ ਨਹੀਂ ਰਿਹਾ ਹੈ। ਦੂਸਰੇ ਪਾਸੇ ਕੈਨੇਡਾ ਅੰਦਰ ਮਿਡਲ ਕਲਾਸ ਅੰਦਰ ਮੁਕਾਬਲੇਬਾਜ਼ੀ ਨਿਯਮ, ਟੈਕਸਾਂ ਦੀਆਂ ਭਾਰੀ ਦਰਾਂ ਦਾ ਬੋਝ, ਆਮ ਲੋੜੀਦੀਆਂ ਜ਼ਰੂਰੀ ਵਸਤਾਂ ਤੇ ਖਾਣ-ਪੀਣ ਦੇ ਸਮਾਨ ਦੀਆਂ ਕੀਮਤਾ ਦਾ ਅਸਮਾਨੀ ਚੜਨਾ। ਵੱਧੇ ਸਰਵਿਸ ਖੇਤਰ ਦੇ ਖਰਚੇ ਅਤੇ ਤਰ੍ਹਾਂ-ਤਰ੍ਹਾਂ ਦੇ ਟੈਕਸਾਂ ਦਾ ਬੋਝ ਪੈਣ ਕਾਰਨ ਹੇਠਲੇ ਵਰਗ ‘ਤੇ ਪੈ ਰਹੇ ਜ਼ਿੰਦਗੀ ਢੋਣ ਦੇ ਇਨ੍ਹਾਂ ਖਰਚਿਆਂ ਕਾਰਨ ਹਰ ਨਾਗਰਿਕ ਮਹਿੰਗਾਈ ਕਾਰਨ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਹੈ। ਜਿਹੜੇ ਕੈਨੇਡੀਅਨ ਖਾਸ ਕਰਕੇ ਪ੍ਰਵਾਸ ਕਰਕੇ ਆਏ ਲੋਕ ਪਹਿਲਾ ਕੈਨੇਡਾ ਅੰਦਰ ਝਾੜੂਆ ਨਾਲ ਡਾਲਰ ਇਕੱਠੇ ਕਰਨ ਦੀਆਂ ਗੱਲਾਂ ਸਥਾਂ ਵਿੱਚ ਕਦੀ ਕਰਦੇ ਹਨ, ਉਹ ! ਅੱਜ ਕਹਿ ਰਹੇ ਹਨ ਕਿ ਹੁਣ ਗੁਜਾਰਾ ਕਰਨਾ ਵੀ ਮੁਸ਼ਕਿਲ ਹੋ ਰਿਹਾ ਹੈ ! ਜੋ ਇਕ -ਦਹਾਕੇ ਹੀ ਪਹਿਲਾ ਆਏ ਸਨ ਹੁਣ ਕਹਿ ਰਹੇ ਹਨ ਕਿ ਵਾਪਸ ਮੁੜਨਾ ਹੀ ਚੰਗਾ ਹੈ। ਪਰ ਪ੍ਰਵਾਸ ਦਾ ਕਰੇਜ਼ ਉਹਨਾਂ ਦਾ ਪਿਛਾ ਨਹੀਂ ਛੱਡ ਰਿਹਾ ਹੈ। ਇਸ ਵੇਲੇ ਪ੍ਰਵਾਸ ਤੇ ਪ੍ਰਵਾਸੀ ਇਕ ਵੱਡੀ ਸਮੱਸਿਆ ਹੈ।

ਕੈਨੇਡਾ ਦੇ ਅੰਕੜਾ ਵਿਭਾਗ ਦੀ ਇਕ ਹੋਰ ਤਾਜ਼ਾ ਆਰਥਿਕ ਰਿਪੋਰਟ ਅਨੁਸਾਰ ਭਾਵੇਂ ਆਰਥਿਕਤਾ ਨੂੰ 2023 ਦੀ ਚੌਥੀ ਤਿਮਾਹੀ ਤੋਂ ਹੀ ਖੋਰਾ 3.5-ਫੀ ਸਦ ਦਿਸਣ ਲੱਗਣਾ ਸ਼ੁਰੂ ਹੋ ਗਿਆ ਹੈ ਸੀ। ਪਰ ਸਰਕਾਰ ਨੇ ਹਾਲਤ ਕੁਝ ਹੱਦ ਤਕ ਸੁਧਰਨ ਦੀ ਗੱਲ ਬਜਟ ਵਿੱਚ ਵੀ ਕਹੀ ਹੈ। ਪਰ ਸਾਲ 2024 ਦੌਰਾਨ ਤਕਨੀਕੀ ਤੌਰ ‘ਤੇ ਮੰਦਾ ਅੱਜੇ ਵੀ ਸਾਹਮਣੇ ਖੜਾ ਹੈ। ਮੁਦਰਾ-ਸਫੀਤੀ ਦਰ ਪਿਛਲੇ 30-ਸਾਲਾਂ ਤੋਂ ਵੱਧ ਕੇ 4.8-ਫੀ ਸਦ ਪਾਈ ਗਈ ਹੈ। ਮਕਾਨਾਂ ਦੀ ਥੁੜ ਧੁਰ ਚੋਟੀ ਤੇ ਪੁੱਜ ਗਈ ਹੈ। ਮਾਰਟਗੇਜ਼ ਵਿਆਜ ਦਰ ਅਸਮਾਨੀ ਚੜ੍ਹ ਗਈ ਹੈ ਅਤੇ ਮਕਾਨਾਂ ਦੀਆਂ ਕੀਮਤਾਂ ਵੱਧਣ ਕਾਰਨ ਮਕਾਨ ਖਰੀਦਣਾ ਹੁਣ ਆਮਦ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਇਹ ਸਮੱਸਿਆ ਅਜੇ ਛੇਤੀ ਖੱਤਮ ਨਹੀਂ ਹੋਵੇਗੀ ? ਸੈਲਟਰ-ਕਾਸਟ, ਕਿਰਾਏ ਅਤੇ ਬੇਸਮੈਂਟਾਂ ਦੀਆਂ ਵਿਆਜ ਦਰ੍ਹਾਂ ਵੱਧਣ ਕਾਰਨ ਸਮੁੱਚੇ ਕੈਨੇਡਾ ਅੰਦਰ ਮਕਾਨਾਂ ਦੀ ਥੁੜ ਪੈਦਾ ਹੋਈ ਸੀ। ਮਹਿੰਗਾਈ ਨੇ ਪਹਿਲਾ ਹੀ ਲੋਕਾਂ ਦਾ ਕਚੂਮਰ ਕੱਢਿਆ ਹੋਇਆ ਹੈ। ਜਿਸ ਕਾਰਨ ਕੈਨੇਡਾ ਦਾ ਹੇਠਲਾ ਵਰਗ, ਮੂਲਵਾਸੀ ਅਤੇ ਨਵੇਂ ਪ੍ਰਵਾਸ ਕਰਕੇ ਆਏ ਲੋਕਾਂ ‘ਤੇ ਕੋਵਿਡ-19 ਤੋਂ ਬਾਦ ਸਭ ਤੋਂ ਵੱਡੀ ਮਹਿੰਗਾਈ ਦੀ ਮਾਰ ਪਈ ਹੈ। ਜਿਸ ਦਰ ਨਾਲ ਮੁਦਰਾ-ਸਫੀਤੀ ਵੱਧ ਰਹੀ ਹੈ, ਜੇਕਰ ਮੁਦਾ ਸਫੀਤੀ ਨੂੰ ਖੋਰਨ ਲਈ ਵਾਜਬ ਕਦਮ ਨਾ ਚੁੱਕੇ ਗਏ ਤਾਂ ਇਹ ਜੂਨ, 2024 ਤਕ 8-ਫੀ ਸਦ ਤਕ ਪੁਜ ਜਾਵੇਗੀ।

ਟਰੂਡੋ ਸਰਕਾਰ ਨੇ ਲੋਕਾਂ ਨੂੰ ਕੁਝ ਰਾਹਤ ਦੇਣ ਲਈ ਸਾਲ, 2024 ਦੇ ਬਜਟ ‘ਚ ਮਨੁੱਖੀ ਸਹਾਇਤਾ ਦੇ ਨਾਂ ਹੇਠ 350 ਮਿਲਅਨ ਡਾਲਰ ਦੋ ਸਾਲਾਂ ਲਈ ਰੱਖੇ ਹਨ। ਪਰ ਜਿਸ ਰੇਟ ਨਾਲ ਮਹਿੰਗਾਈ ਵਧ ਰਹੀ ਹੈ, ਬੇਰੁਜ਼ਗਾਰੀ ਫੈਲ ਰਹੀ ਹੈ, ਵਿਆਜ ਦਰ੍ਹਾਂ ‘ਚ ਹੋਇਆ ਬੇ-ਤਿਹਾਸ਼ਾ ਵਾਧਾ, ਇਹ ਨਿਗੂਣੀ ਰਾਹਤ ਊਠ ਤੋਂ ਛਾਣਨੀ ਲਾਹੁਣ ਬਰਾਬਰ ਹੈ।(Rates DOT CA AND BNN BLOOM Berg)। ਕੈਨੇਡਾ ਦੀ ਮੌਜੂਦਾ ਆਰਥਿਕਤਾ ਸਾਲ 2024 ਦੇ ਅੱਧ ‘ਚ ਪੁੱਜ ਗਈ ਹੈ । ਫਿਰ ਕਦੋਂ ਵਿਆਜ ਦਰਾਂ ਘੱਟ ਕਰਨ ਲਈ ਆਸ ਹੋਵੇਗੀ, ਫਿਰ ਕਦੋਂ ਮਕਾਨਾਂ ਦੀ ਮੰਡੀ ਵਿੱਚ ਮੰਦਾ ਰੁਕੇਗਾ ਅਤੇ ਮਹਿੰਗਾਈ ਹੇਠਾਂ ਆਵੇਗੀ, ਅਜੇ ਕੁਝ ਨਹੀਂ ਕਿਹਾ ਜਾ ਸਕਦਾ ਹੈ ? ਕੈਨੇਡਾ ਅੰਦਰ ਮਕਾਨਾਂ ਦੀ ਥੁੜ ਅਤੇ ਅਸਮਾਨੀ ਪੁੱਜੀਆਂ ਵਿਆਜ ਦਰਾਂ ਕਰਕੇ ਹੀ ਮੁਦਰਾ-ਸਫੀਤੀ ਉਪਰ ਨੂੰ ਜਾ ਰਹੀ ਹੈ। ਮਕਾਨਾਂ ਦੀਆ ਕੀਮਤਾਂ ‘ਚ ਵਾਧਾ 4.8-ਫੀ ਸਦ ਹੋਇਆ ਹੈ, ਜੋ ਪਿਛਲੇ 30-ਸਾਲਾਂ ਵਿੱਚ ਸਭ ਤੋਂ ਵੱਧ ਹੈ। ਵਿਰੋਧੀ ਧਿਰ ਕਨਜ਼ਰਵੇਟਿਵ (ਟੋਰੀ ਪਾਰਟੀ) ਦੇ ਆਗੂ ਨੇ ਸੰਸਦ ਵਿੱਚ ਕਿਹਾ ਕਿ ਹਾਕਮ ਪਾਰਟੀ ਨੇ 400-ਬਿਲੀਅਨ ਦੇ ਨੋਟ ਛਾਪੇ ਹਨ ਤੇ ਮਕਾਨ-ਮੰਡੀ ਦਾ ਗੁਬਾਰਾ ਕਦੇ ਵੀ ਫੱਟ ਸਕਦਾ ਹੈ। ਭਾਵ ਸੰਕਟ ਹੋ ਵਧ ਸਕਦਾ ਹੈ ? ਰੀਅਲ ਐਸਟੇਟ ਕੈਨੇਡਾ ਦੀ ਆਰਥਿਕਤਾ ਵਿੱਚ ਇਕ ਵੱਡਾ ਰੋਲ ਅਦਾ ਕਰਦਾ ਹੈ।

ਕੈਨੇਡਾ ਦੇ ਦੇਸ਼ ਜੋ ਕੁਦਰਤੀ ਤੌਰ ‘ਤੇ ਇਕ ਠੰਡਾ, ਜੰਗਲੀ ਅਤੇ ਝੀਲਾਂ ਵਾਲਾ ਸੁੰਦਰ ਦੇਸ਼ ਹੈ। ਇਥੋਂ ਦੇ ਮੂਲਵਾਸੀ ਜੋ ਇਸ ਦੀ ਧਰਤੀ ਦੇ ਅਸਲੀ ਵਸਨੀਕ ਅਤੇ ਮਾਲਕ ਹਨ, ਉਹਨਾਂ ਨੂੰ ਛੱਡ ਕੇ ਇਥੋਂ ਦੀ ਬਾਕੀ ਸਾਰੀ ਆਬਾਦੀ ਪ੍ਰਵਾਸ ਕਰਕੇ ਆਏ ਲੋਕਾਂ ਵਲੋਂ ਵਿਕਸਤ ਕੀਤੇ ਕੈਨੇਡਾ ਦੀ ਹੈ। ਇਸ ਦੇਸ਼ ਦੀ ਵੱਖੋ ਵੱਖ ਵਿਭਿੰਨਤਾ ਵਾਲੀ ਦਿੱਖ ਹੈ। ਮੁੱਖ ਧਰਮ ਇਸਾਈ ਅਤੇ ਹੋਰ ਧਰਮਾਂ ਤੇ ਬੋਲੀਆਂ ਤੋਂ ਬਿਨਾਂ ਇਥੇ ਮੁੱਖ ਦੋ ਕੌਮੀ ਅੰਗਰੇਜ਼ੀ ਅਤੇ ਫਰਾਂਸੀਸੀ ਬੋਲੀ ਬੋਲੀਆਂ ਜਾਂਦੀਆਂ ਹਨ। ਇਸ ਵੇਲੇ ਕੈਨੇਡਾ ਦੇ ਲੋਕਾਂ ਸਾਹਮਣੇ ਬੇਰੁਜ਼ਗਾਰੀ, ਮੁਦਰਾ-ਸਫੀਤੀ ਵੱਧਣ ਕਾਰਨ ਮਹਿੰਗਾਈ, ਮਕਾਨਾਂ ਦੇ ਲਏ ਕਰਜ਼ੇ ‘ਤੇ ਵੱਧ ਰਹੀਆ ਕਿਸ਼ਤਾਂ ਦਾ ਬੋਝ ਅਤੇ ਮਕਾਨ ਖਰੀਦਣ ਦੀਆਂ ਵੱਡੀਆਂ ਚੁਣੌਤੀਆ ਹਨ। ਜਿਨ੍ਹਾਂ ਕਾਰਨ ਆਬਾਦੀ ਦਾ ਇਕ ਬਹੁਤ ਵੱਡਾ ਹਿੱਸਾ ਤਨਾਅ, ਬੀ.ਪੀ. ਅਤੇ ਸ਼ੂਗਰ ਜਿਹੀਆਂ ਭਿਆਨਕ ਬਿਮਾਰੀਆਂ ਨਾਲ ਜੂਝ ਰਿਹਾ ਹੈ। ਕਿਉਂਕਿ ਅਜੇ ਕੈਨੇਡਾ ਅੰਦਰ ਸਮਾਜਕ-ਆਰਥਿਕ ਤਬਦੀਲੀ ਜੋ ਲੋਕਾਂ ਨੂੰ ਮੁਕਤੀ ਦਿਵਾ ਸੱਕੇ, ਦੀ ਕੋਈ ਸੰਭਾਵਨਾ ਨਹੀਂ ਹੈ ? ਲੋਕ ਪੱਖੀ ਬਦਲ ਕਿਵੇਂ ਆਵੇ ਇਥੋਂ ਦੀ ਕਿਰਤੀ ਜਮਾਤ ਸਾਹਮਣੇ ਇਕ ਮੁੱਖ ਸਵਾਲ ਹੈ ? ਭਾਵੇਂ ਆਬਾਦੀ ਦਾ ਵੱਡਾ ਹਿੱਸਾ ਤਬਦੀਲੀ ਤਾਂ ਚਾਹੁੰਦਾ ਹੈ, ਪਰ ਸਮਾਜਕ ਪ੍ਰੀਵਰਤਨ ਲਈ ਤਿਆਰ ਨਹੀਂ ਦਿਸਦਾ ਲਗਦਾ ਹੈ ! ਅੱਜੇ ਮੁਕਤੀ ਦੂਰ ਹੈ !

# SUNLIGHT ADULT DAY HEALTH CARE CENTRE

ਬੁਢਾਪੇ ਨੂੰ ਖ਼ੁਸ਼ਹਾਲ ਤੇ ਰੰਗੀਨ ਬਣਾਓ
ਨਵੀਆਂ-ਨਵੀਆਂ communities ਦੇ
ਲੋਕਾਂ ਨਾਲ ਬਿਤਾਓ ਸਮਾਂ



ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ




Bus Pickup & Drop
ਸਾਫ਼- ਸੁਥਰਾ ਮਾਹੌਲ
Health Care Facility

Physical, Occupational & Speech Therapy
Dietition ਦੁਆਰਾ ਤਿਆਰ Nutritional Diet
ਮੈਡੀਕਲ ਸਹੂਲਤਾਂ Entertainment ਲਈ GAMES

ਅਸੀਂ ਤੁਹਾਡਾ ਮਨਪਸੰਦ 'ਇੰਡੀਅਨ ਖਾਣਾ' ਵੀ provide ਕਰਦੇ ਹਾਂ




ਅਗਰ ਤੁਹਾਡੇ ਕੋਲ ਮੈਡੀਕਲ ਹੈ ਤਾਂ ਸੈਂਟਰ ਵੱਲੋਂ
ਤੁਹਾਨੂੰ ਸਾਰੀਆਂ ਸੇਵਾਵਾਂ ਮੁਫ਼ਤ ਮਿਲਣਗੀਆਂ

ADDRESS:1581 Cummins Drive Suite 100, Modesto, CA 95358

CALL TODAY AT - (209) 408-0019
Email : sunlightadhc@yahoo.com

ਅਸੀਂ ਹਰ ਸਮੇਂ ਤੁਹਾਡੀ ਮਦਦ ਲਈ ਤਿਆਰ-ਬਰ -ਤਿਆਰ ਹਾਂ


SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828


EXIT
EXIT REALTY CONSULTANTS
150 W.Yosemite Ave.,Manteca ,CA ,95336
ਵਪਾਰਕ, ਰਿਹਾਇਸ਼ੀ, ਉਦਯੋਗਿਕ, ਖੇਤੀਬਾੜੀਜ਼ਮੀਨਾਂ
(ਘਰ , ਖਾਲੀ ਜ਼ਮੀਨ ,ਫਾਰਮ ,ਸਟੇਸ਼ਨ )
ਵਾਜਬ ਰੇਟਾਂ ਤੇ ਵੇਚਣ ਜਾਂ ਖਰੀਦਣ ਲਈ
ਇਮਾਨਦਾਰ ਅਤੇ ਭਰੋਸੇਮੰਦ ਸੇਵਾਵਾਂ ਲਈ ਮਿਲੋ
Raman Bassi
Realtor DRE # 02162139
ਵਧੇਰੇ ਜਾਣਕਾਰੀ ਲਈ ਕਾਲ ਕਰੋ
Cell : 510-432-8122
Office : 209-823-1234
www.RamanBassi.EXITHOME.COM
RBassi@EXITHOME.com

# ਵਾਤਾਵਰਣ ਸੰਮੇਲਨ ਸੰਯੁਕਤ ਰਾਸ਼ਟਰ ਵਿਸ਼ਵ ਵਾਤਾਵਰਨ ਦਿਵਸ ਦੇ ਨਿਰੀਖਣ ਨੂੰ ਸਮਰਪਿਤ











ਮੈਰੀਲੈਂਡ
ਸੁਰਿੰਦਰ ਗਿੱਲ

ਸੰਯੁਕਤ ਰਾਸ਼ਟਰ ਵਿਸ਼ਵ ਵਾਤਾਵਰਣ ਦਿਵਸ ਤੇ ਇਕ ਸੰਮੇਲਨ ਵਾਤਾਵਰਨ ਸ਼ਾਂਤੀ ਲਈ ਹਯੋ ਜੇਂਗ ਅੰਤਰਰਾਸ਼ਟਰੀ ਫਾਊਂਡੇਸ਼ਨ ਨੇ ਗੈਂਬਰਿਲ ਮੈਰੀਲੈਂਡ ਵਿਖੇ ਕਰਵਾਇਆ ਗਿਆ ਹੈ। ਜਿਸ ਵਿੱਚ ਉੱਘੇ ਵਿਗਿਆਨੀ ਡਾਕਟਰ ਰਤਨ ਲਾਲ,ਪ੍ਰੋਫੈਸਰ ਡਾਕਟਰ ਡਗਲਸ ਟਾਲਾਮੀ ਸ਼ਾਮਲ ਹੋਏ।

ਡਾਕਟਰ ਸੰਨ ਜਿੰਨ ਮੂਨ ਅਗਜੈਕਟਿਵ ਡਾਇਰੈਕਟਰ ਹਿਊਜਫ ਸੰਸਥਾ ਅੰਤਰ-ਰਾਸ਼ਟਰੀ ਨੇ ਸੈਮੀਨਾਰ ਦੇ ਮਿਸ਼ਨ ਤੇ ਵਾਤਾਵਰਣ ਦੀ ਅਹਿਮੀਅਤ ਦੇ ਪਹਿਲੂਆਂ ਤੇ ਚਾਨਣਾ ਪਾਇਆ ਹੈ।ਉਹਨਾਂ ਦੱਸਿਆ ਸਿਖਿਆ, ਪਾਣੀ, ਵਾਤਾਵਰਣ ਸਬੰਧੀ ਮੁਸ਼ਕਲਾ ਸਬੰਧੀ ਸੈਮੀਨਾਰ ਵੱਖ ਵੱਖ ਮੁਲਕਾਂ ਵਿੱਚ ਕਰਵਾਏ ਜਾਂਦੇ ਹਨ। ਲੋਕਾਂ ਨੂੰ ਜਾਗਰੂਕ ਕੀਤਾ ਜਾਂਦਾ ਹੈ। ਅਸੀ ਪ੍ਰਮਾਤਮਾ ਵੱਲੋਂ ਦਿੱਤੇ ਸ੍ਰੋਤਾਂ ਦੀ ਰੱਖਿਆ ਲਈ ਜਾਣਕਾਰੀ ਪ੍ਰਦਾਨ ਕਰਨ ਵਿੱਚ ਵਿਸ਼ਵਾਸ ਰੱਖਦੇ ਹਾਂ। ਅਸੀ ਕੁਦਰਤ ਨੂੰ ਪਿਆਰ ਕਰਦੇ ਹਾਂ।ਇਹੀ ਸਾਡੇ ਸਿਧਾਂਤ ਹਨ। ਜਿਸ ਕਰਕੇ ਵਾਤਾਵਰਣ ਦੀ ਰੱਖਿਆ ਲਈ ਅੱਜ ਦਾ ਸੈਮੀਨਾਰ ਕਰਵਾਇਆ ਹੈ।ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਸੈਮੀਨਾਰ ਸ਼ੁਰੂ ਕਰਨ ਦੀ ਆਗਿਆ ਦਿਤੀ। ਜਿਸ ਵਿੱਚ ਸੱਤ ਸਟੇਟਾਂ ਦੇ ਡੈਲੀਗੇਸ ਨੇ ਹਿਸਾ ਲਿਆ ਹੈ।ਸੈਮੀਨਾਰ ਡਾਕਟਰ ਸੰਨ ਜਿੰਨ ਮੂਨ ਅਗਜੈਕਟਿਵ ਮੈਰੀਲੈਂਡ ਸਟੇਟ ਦੇ ਡੈਲੀਗੇਟ ਐਂਡਰਿਊ ਪਰੂਸਕੀ ਨੇ ਸਾਰਿਆਂ ਨੂੰ ਵਧਾਈ ਦਿਤੀ ਤੇ ਕਿਹਾ ਕਿ ਮੈਰੀਲੈਂਡ ਵਾਤਾਵਰਣ ਦੀ ਸੰਭਾਲ ਵਿਚ ਅਹਿਮ ਯੋਗਦਾਨ ਪਾ ਰਿਹਾ ਹੈ। ਜਿਸ ਨੂੰ ਸਥਾਨਕ ਸੰਸਥਾਵਾਂ ਹਮਾਇਤ ਕਰ ਰਹੀਆਂ ਹਨ। ਅੱਜ ਦਾ ਸੈਮੀਨਾਰ ਲੋਕਾਂ ਵਿੱਚ ਜਾਗਰੂਕਤਾ ਲਿਆਵੇਗਾ। ਉਪਰੰਤ ਡਾਕਟਰ ਰਤਨ ਲਾਲ ਨੂੰ ਸੰਬੋਧਨ ਕਰਨ ਦਾ ਨਿੰਮਤ੍ਰਣ ਦਿੱਤਾ।

ਪ੍ਰੋਫੈਸਰ ਡਾਕਟਰ ਰਤਨ ਲਾਲ ਮਿੱਟੀ ਵਿਗਿਆਨੀ ਤੇ ਡਾਇਰੈਕਟਰ ਕਾਰਬਨ ਜ਼ਬਤ ਮੈਨਜਿਮੈਟ ਓਹਾਇਉ ਯੂਨੀਵਰਸਟੀ ਨੇ ਕਿਹਾ ਕਿ ਧਰਤੀ ਦੀ ਦੁਰ-ਵਰਤੋਂ ਹੋ ਰਹੀ ਹੈ।ਜਿਸ ਕਰਕੇ 2024 ਵਿਚ 40% ਧਰਤੀ ਦੀ ਸੱਤਾ ਖ਼ਰਾਬ ਹੋ ਜਾਵੇਗੀ। ਜਿਸ ਕਰਕੇ ਧਰਤੀ ਦੀ ਸ਼ਕਤੀ, ਜ਼ਰਖੇਜ਼ ਤੇ ਪਾਣੀ ਨੂੰ ਨੁਕਸਾਨ ਹੋ ਰਿਹਾ ਹੈ। ਜਿਸ ਲਈ ਸਰਕਾਰ, ਕਿਸਾਨ ਤੇ ਅਵਾਮ ਜ਼ਿੰਮੇਵਾਰ ਹੈ।ਝੀਲਾਂ ਤੇ ਜੰਗਲਾਂ ਦਾ ਘਟਣਾ ਵੀ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਣਾ ਹੈ। ਇਹ ਗਲੋਬਲ ਮੁੱਦਾ ਬਣ ਗਿਆ ਹੈ। ਜਿਸ ਲਈ ਹਰੇਕ ਵਾਸੀ ਨੂੰ ਜਾਗਰੂਕ ਕਰਨਾ ਪਵੇਗਾ। ਵਾਤਾਵਰਣ ਦੀ ਰਾਖੀ ਲਈ ਹਮੇਸ਼ਾ ਪਹਿਲ ਕਦਮੀ ਕਰਨੀ ਪਵੇਗੀ। ਸਾਨੂੰ ਧਰਤੀ, ਪਾਣੀ, ਜਾਨਵਰ, ਪੰਛੀ, ਹਵਾ, ਜੰਗਲ, ਖਾਣ-ਪੀਣ, ਰਹਿਣ-ਸਹਿਣ, ਸਫਾਈ, ਰਾਜਨੀਤੀ, ਦਵਾਈਆ, ਸਿਹਤ ਤੇ ਵਾਤਾਵਰਣ ਦੀ ਸੁਰੱਖਿਆ ਕਰਨੀ ਪਵੇਗੀ। ਜਿਸ ਲਈ ਮਜਬੂਤ ਬਜਟ ਦੇਣਾ ਪਵੇਗਾ। ਜਿਸ ਦੀ ਵਰਤੋਂ ਇਮਾਨਦਾਰੀ ਨਾਲ ਕਰਕੇ ਧਰਤੀ ਨੂੰ ਬਚਾਉਣਾ ਪਵੇਗਾ।ਸਿੱਖਿਆ ਵਿੱਚ ਇਹਨਾਂ ਦੇ ਅਧਿਆਏ ਲਾਜ਼ਮੀ ਕਰਨੇ ਪੈਣਗੇ। ਗੈਸਾਂ ਦੀ ਰੱਖਿਆ ਕਰਨੀ ਪਵੇਗੀ। ਇਸ ਲਈ ਪਹਿਲ ਕਦਮੀ ਕਰਨੀ ਪਵੇਗੀ। ਮਿੱਟੀ ਦੀ ਗਿਰਾਵਟ ਤੇ ਵਿਸ਼ਵ ਸ਼ਾਂਤੀ ਲਈ ਕੰਮ ਕਰਨਾ ਪਵੇਗਾ। ਕਿਉਕਿ ਜੰਗਾ ਪਾਣੀ, ਧਰਤੀ, ਵਾਤਾਵਰਣ ਤੇ ਸਿਹਤ ਨੂੰ ਡੂੰਘਾ ਨੁਕਸਾਨ ਪਹੁੰਚਾਦੀਆ ਹਨ। ਇਸ ਲਈ ਸ਼ਾਤੀ ਮਿਸ਼ਨ ਜ਼ਰੂਰੀ ਹੈ। ਜਿਸ ਲਈ ਵਾਤਾਵਰਣ ਸੈਮੀਨਾਰ ਕਰਨੇ ਤੇ ਕਰਵਾਉਣੇ ਲਾਜ਼ਮੀ ਹਨ। ਜਿਸ ਲਈ ਡਾਕਟਰ ਸੰਨ ਜਿੰਨ ਮੂਨ ਅਗਜੈਕਟਿਵ ਡਾਇਰੈਕਟਰ ( ਐਚ ਜੇ ਐਫ ਈ ਪੀ) ਵਧਾਈ ਦੀ ਪਾਤਰ ਹੈ।ਜਿਸਨੇ ਵਾਤਾਵਰਣ ਸੈਮੀਨਾਰ ਕਰਵਾ ਕੇ ਜਾਗਰੂਕਤਾ ਹਾਜ਼ਰੀਨ ਨੂੰ ਬਖਸ਼ੀ ਹੈ।

ਸਵਾਲ ਜਵਾਬ ਵਿੱਚ ਡਾਕਟਰ ਰਤਨ ਲਾਲ ਨੇ ਦੱਸਿਆ ਕਿ ਪਾਣੀ ਦੇ ਪੱਧਰ ਦਾ ਨੀਵਾਂ ਜਾਣਾ ਕਪਾਹ,ਨਰਮਾ ਤੇ ਝੋਨੇ ਦੀ ਖੇਤੀ ਹੈ। ਜਿਸ ਦੇ ਬਦਲ ਦੀ ਬਹੁਤ ਲੋੜ ਹੈ।ਪ੍ਰਦੂਸ਼ਣ ਬਾਰੇ ਸਭ ਜਾਗਰੂਕ ਹਨ।ਪਰ ਇਸ ਨੂੰ ਘਟਾਉਣ ਤੇ ਖਤਮ ਕਰਨ ਲਈ ਸਖ਼ਤ ਕਦਮ ਚੁੱਕਣੇ ਪੈਣਗੇ। ਵਲਡ ਬੈਂਕ ਇਸ ਸਬੰਧੀ ਕਾਰਗਰ ਟੈਕਨਾਲੋਜੀ ਪ੍ਰਦਾਨ ਕਰ ਰਿਹਾ ਹੈ।ਸਾਨੂੰ ਸਹਿਯੋਗ ਸੱਚੇ ਦਿਲੋਂ ਦੇਣਾ ਪਵੇਗਾ। ਜਿਸ ਲਈ ਅਸੀ ਖੁਦ ਜ਼ਿੰਮੇਵਾਰ ਹਾਂ।ਹਾਲੈਂਡ ਖੇਤੀ ਸਿਸਟਮ ਦੀ ਵਰਤੋਂ ਕਰਨ ਵੱਲ ਧਿਆਨ ਦੇਣਾ ਪਵੇਗਾ। ਜੋ ਕਿ ਅੱਜ ਦੀ ਤਾਰੀਖ ਵਿੱਚ ਸਫਲ ਮੰਨਿਆ ਜਾ ਰਿਹਾ ਹੈ।ਡਾਕਟਰ ਡਗਲਸ ਟਾਲਾਮੀ ਪ੍ਰੋਫੈਸਰ ਐਗਰੀਕਲਚਰ ਤੇ ਕੁਦਰਤੀ ਸਰੋਤ ਡਿਪਾਰਟਮੈਂਟ ਆਫ ਕੀਟ ਵਿਗਿਆਨ ਯੂਨੀਵਰਸਟੀ ਆਫ ਡੈਲਵੇਅਰ ਨੇ ਕਿਹਾ ਕਿ ਪਿਛਲੇ ਪੰਜਾਹ ਸਾਲਾਂ ਵਿੱਚ ਬਿਲੀਅਨ ਜੀਵ ,ਪੰਛੀ ਧਰਤੀ ਤੋਂ ਅਲੋਪ ਹੋ ਗਏ ਹਨ। ਜਿਹੜੇ ਧਰਤੀ ਲਈ ਲਾਭਦਾਇਕ ਸਨ।ਡਿਜਾਇਨਿੰਗ ਲੈਂਡਸਕੇਪ ਵ ਧਰਤੀ ਦੇ ਅਕਾਰ ਨੂੰ ਡੀਛੇਪ ਕਰਦੀ ਹੈ। ਜੋ ਨੁਕਸਾਨਦੇਹ ਹੈ। ਕੁਦਰਤੀ ਸਰੋਤਾਂ ਨੂੰ ਧਮਕੀ ਹੈ।ਸਾਨੂੰ ਜ਼ਰੂਰੀ ਪੰਛੀਆਂ ਤੇ ਜੀਵਾਂ ਨੂੰ ਬਚਾਉਣ ਲਈ ਉਪਰਾਲੇ ਕਰਨੇ ਪੈਣਗੇ। ਇਹਨਾਂ ਦੇ ਭੋਜਨ ਦਾ ਪ੍ਰਬੰਧ ਕਰਨਾ ਪਵੇਗਾ। ਖੇਤਾਂ ਵਿੱਚ ਅੱਗ ਲਾਉਣੀ ਬੰਦ ਕਰਨੀ ਪਵੇਗੀ। ਲੱਖਾ ਜੀਵਾਂ ਦੀ ਹੱਤਿਆ ਕਰ ਰਹੇ ਕਿਸਾਨਾਂ ਨੂੰ ਰੋਕਣਾ ਪਵੇਗਾ। ਪੰਛੀਆਂ ਦੇ ਘਰ ਬਣਾਉਣੇ ਪੈਣਗੇ। ਕਿਉਂਕਿ ਅਸੀ ਪੰਛੀ ਦੀ ਘਾਟ ਮਹਿਸੂਸ ਕਰ ਰਹੇ ਹਾਂ। ਜੋ ਮਨੁੱਖਤਾ ਲਈ ਲਾਭਕਾਰੀ ਹਨ। ਜ਼ਿਆਦਾਤਰ ਕੀੜੇ ਖ਼ਾਸ ਕਿਸਮ ਦੇ ਪੌਦੇ ਖਾਂਦੇ ਹਨ। ਉਹ ਸਾਡੇ ਲਈ ਨੁਕਸਾਨਦੇਹ ਨਹੀ ਹਨ। ਪਰ ਉਹਨਾਂ ਦਾ ਜੀਣਾ ਸਾਡੇ ਲਈ ਜਰੂਰੀ ਹੈ। ਇਸੇ ਤਰਾਂ ਪੌਦੇ ਵੀ ਸਾਡੀ ਜ਼ਿੰਦਗੀ ਵਿੱਚ ਬਿਹਤਰੀ ਲਿਆਂਉਂਦੇ ਹਨ, ਪਰ ਉਹਨਾਂ ਦੀ ਚਿਣ ਕਰਕੇ ਘਰਾਂ ਵਿੱਚ ਲਗਾਉਣੇ ਚਾਹੀਦੇ ਹਨ। ਟੂ ਥਰਡ ਜੰਗਲੀ ਜੀਵ ਧਰਤੀ ਤੋ ਅਲੋਪ ਹੋ ਚੁੱਕੇ ਹਨ। ਜੇਕਰ ਤੁਹਾਡੇ ਕੋਲ ਥਾਂ ਨਹੀਂ ਹੈ। ਪਿਛਲੇ ਬਰਾਮਦਾਂ ਵਿੱਚ ਬੂਟੇ ਲਗਾਉ। ਜੋ ਅੱਛਾ ਵਾਤਾਵਰਣ ਪ੍ਰਦਾਨ ਕਰੇਗਾ। ਸਾਨੂੰ ਪਾਰਕ ਕਲਚਰ ਦਾ ਵਿਕਾਸ ਕਰਨਾ ਪਵੇਗਾ।ਸਾਨੂੰ ਲੋਕਾਂ ਨੂੰ ਬੂਟਿਆਂ ਸਬੰਧੀ ਜਾਗਰੂਕ ਕਰਨਾ ਪਵੇਗਾ। ਇਹਨਾਂ ਦੇ ਲ਼ਾਭ ਤੇ ਸਿਹਤ ਲਈ ਫ਼ਾਇਦੇ ਦੱਸਣੇ ਪੈਣਗੇ।ਅਜਿਹਾ ਨਾ ਕੀਤਾ ਤਾਂ ਅਸੀ ਅਪਨੀ ਮਿਤ ਨੂੰ ਸੱਦਾ ਦੇਣਾ ਹੋਵੇਗਾ।ਆਉ ਸਾਰੇ ਰੱਲ ਮਿਲ ਕੇ ਜੀਵਾਂ,ਪੰਛੀਆਂ,ਝਾੜੀਆਂ ,ਦਰਖਤਾ ਤੇ ਫਰੂਟ ਦਰਖਤਾ ਦੀ ਭਰਮਾਰ ਦਾ ਖਿਆਲ ਕਰੀਏ।ਜੋ ਸਾਡੀ ਜ਼ਿੰਦਗੀ ਤੇ ਵਾਤਾਵਰਣ ਨੂੰ ਸਿਹਤਮੰਦ ਬਣਾਉਣ ਵਿੱਚ ਲਾਭਕਾਰੀ ਹੋ ਸਕੇ।ਜੰਗਲੀ ਜੀਵਨ ਬਚਾਉਣਾ ਪਵੇਗਾ ਤਾਂ ਜੋ ਨਵੀਂ ਪੀੜੀ ਜ਼ਿੰਦਗੀ ਦਾ ਅਨੰਦ ਭਵਿਖ ਵਿੱਚ ਲੈ ਸਕੇ।ਹਰ ਵਿਅਕਤੀ ਧਰਤੀ ਦਾ ਅਨੰਦ ਲੈ ਰਿਹਾ ਹੈ। ਫਿਰ ਇਸ ਤੇ ਪੈਦਾ ਹੋਣ ਵਾਲੇ ਜੀਵਾਂ,ਪੰਛੀਆਂ,ਪੌਦਿਆਂ ਤੇ ਵਾਤਾਵਰਣ ਦਾ ਰਾਖਾ ਕਿਉਂ ਨਹੀਂ ਬਣਦਾ ਹੈ।ਸਾਰਿਆਂ ਨੇ ਡਾਕਟਰ ਡਗਲਸ ਨੂੰ ਖੜੇ ਹੋ ਕੇ ਮਾਣ ਦਿੱਤਾ।

ਸਵਾਲ ਜਵਾਬ ਵਿੱਚ ਡਾਕਟਰ ਡਗਲਸ ਨੇ ਕਿਹਾ ਕਿ ਮੁਕਾਬਲੇ ਦਾ ਦੌਰ ਸ਼ੁਰੂ ਕਰਨਾ ਪਵੇਗਾ। ਜਿਸ ਵਿੱਚ ਨਵੇ ਨਵੇ ਜੀਵਾ, ਪੌਦਿਆਂ ਦਾ ਪ੍ਰਦਰਸ਼ਨ ਕਰਕੇ ਜਾਗਰੂਕ ਅਵਾਮ ਨੂੰ ਕਰਨਾ ਪਵੇਗਾ। ਜੀਵਾ ਨੂੰ ਮਾਰਨ,ਦਰਖਤਾ ਨੂੰ ਕੱਟਣ ਤੇ ਰੋਕ,ਧਰਤੀ ਨੂੰ ਸਾੜਨ ਤੋ ਰੋਕਣ, ਖਤਮ ਹੋ ਰਹੇ ਜੀਵਾਂ ,ਪੰਛੀਆਂ ਨੂੰ ਬਚਾਉਣਾ ਤੇ ਇਹਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਪਵੇਗਾ।ਫਿਰ ਹੀ ਉਸਾਰੂ ਵਾਤਾਵਰਣ ਦੀ ਸਿਰਜਣਾ ਹੋਵੇਗੀ।

ਸਟੇਜ ਡਾਕਟਰ ਗਰੈਗ ਜੋਨਜ ਆਊਟ ਰੀਚ ਡਾਇਰੈਕਟਰ ਨੇ ਬਾਖ਼ੂਬੀ ਨਾਲ ਨਿਭਾਈ ਤੇ ਸਵਾਲ ਜਵਾਬ ਸ਼ੈਸਨ ਨੂੰ ਸੁਲ਼ਝੇ ਢੰਗ ਨਾਲ ਸੰਪੰਨ ਕੀਤਾ। ਇਸ ਮੌਕੇ ਡਾਕਟਰ ਸੁਰਿੰਦਰ ਸਿੰਘ ਗਿੱਲ ਅੰਬੈਸਡਰ ਫਾਰ ਪੀਸ,ਟੋਮੀਕੋ ਦੂਰਗਾਨ ਉਪ ਪ੍ਰਧਾਨ ਯੂਨੀਵਰਸਲ ਪੀਸ ਫੈਡਰੇਸ਼ਨ,ਮਿਸਟਰ ਕਰਿਸਟੋਪ ਵਿਕਲਿੰਗ,ਡਾਕਟਰ ਡਿਨਸ਼ਾਹ ਡਾਡਾਚਾਜੀ ਰਿਸਰਚ ਡਾਇਰੈਕਟਰ ਇੰਟਰਨੈਸ਼ਨਲ ਫਾਊਡੇਸ਼ਨ ਤੋ ਇਲਾਵਾ ਅਨੇਕਾਂ ਉੱਘੀਆਂ ਸ਼ਖਸੀਅਤਾ ਨੇ ਹਿੱਸਾ ਲਿਆ ਹੈ। ਇਹ ਵਾਤਾਵਰਣ ਸੈਮੀਨਾਰ ਦੇ ਪ੍ਰਬੰਧਕ ਮੁੱਖ ਤੋਰ ਤੇ ਹਿਉ ਜਿਊਗ ਅੰਤਰ ਰਾਸ਼ਟਰੀ ਫਾਊਡੇਸ਼ਨ ਵਾਤਾਵਰਣ ਪੀਸ,ਐਨਾ ਅਰਨਡ ਕਾਊਂਟੀ ਵਾਟਰ ਸ਼ੈਡ ਅਕੈਡਮੀ,ਯੂ ਪੀ ਐਫ ਲ਼ੰਡਨ,ਵਿਮੈਨ ਵਲਡ ਪੀਸ ਅਮਰੀਕਾ ਤੇ ਇੰਟਰਫੇਥ ਪਾਰਟਨਰ ਚੈਸਪੀਕ ਸਨ। ਸਮੁੱਚਾ ਸੈਮੀਨਾਰ ਧਰਤੀ ਦੇ ਵਾਤਾਵਰਣ ਨੂੰ ਸੁਰੱਖਿਅਤ ਕਰਨ ਲਈ ਅਹਿਮ ਰੋਲ ਅਦਾ ਕਰ ਗਿਆ ਹੈ। ਇਸ ਮੋਕੇ ਸਬਰੰਗ ਟੀਵੀ ਤੋ ਹਰਜੀਤ ਸਿੰਘ ਹੁੰਦਲ,ਰਘੂਬੀਰ ਗੋਇਲ ਵਾਈਟ ਹਾਊਸ ਤੇ ਡਾਕਟਰ ਗਿੱਲ ਸਟੇਟ ਆਫ਼ ਮੈਰੀਲੈਂਡ ਨੇ ਸੈਮੀਨਾਰ ਨੂੰ ਕਲਮਬੰਦ ਕੀਤਾ ਹੈ।

ARES
REALTY
Residential | Commercial | Investment



Thinking
Of Selling Or
Buying A Home ?

ਘਰ ਜਾਂ Business ਵੇਚਣਾ ਜਾਂ ਖਰੀਦਣਾ ਹੋਵੇ

Residential | Commercial | Industrial | Raw land

ਜਿਵੇਂ :Farm House ,Liquor Stores ,Gas Stations
ਹਰ ਤਰ੍ਹਾਂ ਦੇ Apartments, Buildings Car Wash,
Truck Wash ਜਾਂ Gas Pumps ਵਰਗੀਆਂ ਪ੍ਰੋਪਰਟੀਜ਼

ਖਰੀਦਣ ਜਾਂ ਵੇਚਣ ਦੇ ਚਾਹਵਾਨ ਇੱਕ ਵਾਰ ਸਾਨੂੰ ਮਿਲੋ - ARES REALTY

Broker | Realtor | Mortgage Loan Originator : Tony Singh : (916) 519-7009 License ID: 01901843

REALTOR
Jassi Avtar : (916) 335-3760 License ID: 02192444
Alex Singh : (916) 582-4394 License ID: 02191925
Rupinder Dhaliwal ( Ruby ): (916) 764-2859 License ID: 01461487
Amarbir Takhar : (209) 277-9200 License ID: 02225690
Harpreet Singh : (510) 589-8409 License ID: 02194943
Roseleen Kumar : (916)802-4833 License ID: 02028063

OFFICE MANAGER | MARKETING DIRECTOR Sadie EL Ibrahimi : (916)-829-4200 | E-FAX : (916) 367-6756

TRS Constructions

ਘਰ ਵੇਚਣਾ ਹੋਵੇ, ਖ਼ਰੀਦਣਾ ਹੋਵੇ ਜਾਂ ਹੋਣ ਵਾਲੀ ਹੈ ਤੁਹਾਡੇ ਘਰ ਦੀ ਮੁਰੰਮਤ

ਅਸੀਂ ਘਰ ਦੀ ਸਾਰੀ Repair ਤੇ Re -Modelling ਕਰਦੇ ਹਾਂ | Without Any Money Out Of Your Pocket

ਤੁਸੀਂ ਇੱਕ ਵੀ ਪੈਸਾ ਨਹੀਂ ਦਿਓਗੇ TRS Constructions ਨੂੰ ਤੁਹਾਡੀ Sale ਦੇ ਵਿੱਚੋਂ Pay ਹੋ ਜਾਣਗੇ

ਵਧੇਰੇ ਜਾਣਕਾਰੀ ਜਾਂ ਕਿਸੇ ਵੀ ਤਰ੍ਹਾਂ ਦੀ Quiry ਲਈ ਕਾਲ : Tony Singh : (916) 519-7009 Loan Contractor License ID: 01901843

# ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ ਦੋ ਕੈਡਿਟਾਂ ਨੇ ਛੂਹਿਆ ਆਸਮਾਨ

## ਤਰਨ ਤਾਰਨ ਦਾ ਕੰਵਰਨੂਰ ਸਿੰਘ ਅਤੇ ਅੰਮ੍ਰਿਤਸਰ ਦਾ ਅਨੀਸ਼ ਪਾਂਡੇ ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨਡ ਅਫ਼ਸਰ ਬਣੇ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐਫ.ਪੀ.ਆਈ.) ਦੇ 8ਵੇਂ ਕੋਰਸ ਦੇ ਦੋ ਕੈਡਿਟਾਂ ਨੇ ਭਾਰਤੀ ਹਵਾਈ ਸੈਨਾ ਵਿੱਚ ਕਮਿਸ਼ਨਡ ਅਫ਼ਸਰ ਵਜੋਂ ਸ਼ਾਮਲ ਹੋ ਕੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਇਨ੍ਹਾਂ ਦੋਵੇਂ ਕੈਡਿਟਾਂ ਨੂੰ ਅੱਜ ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਵਿੱਚ ਹੋਈ ਕੰਬਾਈਂਡ ਗ੍ਰੈਜੂਏਸ਼ਨ ਪਰੇਡ (ਸੀਜੀਪੀ) ਉਪਰੰਤ ਭਾਰਤੀ ਹਵਾਈ ਸੈਨਾ ਵਿੱਚ ਅਫ਼ਸਰ ਵਜੋਂ ਕਮਿਸ਼ਨ ਮਿਲਿਆ ਹੈ। ਦੱਸਣਯੋਗ ਹੈ ਕਿ ਇਸ ਪਰੇਡ ਦਾ ਨਿਰੀਖਣ ਏਅਰ ਚੀਫ ਮਾਰਸ਼ਲ ਵੀ.ਆਰ ਚੌਧਰੀ, ਪੀ.ਵੀ.ਐਸ.ਐਮ, ਏ.ਵੀ.ਐਸ.ਐਮ, ਵੀ.ਐਮ, ਏ.ਡੀ.ਸੀ ਵੱਲੋਂ ਕੀਤਾ ਗਿਆ।

ਤਰਨ ਤਾਰਨ ਵਾਸੀ ਫਲਾਇੰਗ ਅਫ਼ਸਰ ਕੰਵਰਨੂਰ ਸਿੰਘ ਫਾਈਟਰ ਪਾਇਲਟ ਵਜੋਂ ਫਲਾਇੰਗ ਬ੍ਰਾਂਚ ਵਿੱਚ ਸ਼ਾਮਲ ਹੋਣਗੇ, ਜਦੋਂਕਿ ਅੰਮ੍ਰਿਤਸਰ ਵਾਸੀ ਫਲਾਇੰਗ ਅਫ਼ਸਰ ਅਨੀਸ਼ ਪਾਂਡੇ ਹੈਲੀਕਾਪਟਰ ਪਾਇਲਟ ਵਜੋਂ ਫਲਾਇੰਗ ਬ੍ਰਾਂਚ ਵਿਚ ਸ਼ਾਮਲ ਹੋਣਗੇ।

ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਦੋਵਾਂ ਕੈਡਿਟਾਂ ਨੂੰ ਭਾਰਤੀ ਹਵਾਈ ਸੈਨਾ ਦੇ ਅਧਿਕਾਰੀ ਬਣਨ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਡਿਟਾਂ ਦੇ ਕਮਿਸ਼ਨਡ ਅਫਸਰ ਬਣਨ ਨਾਲ ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ. ਦੇ 160 ਸਾਬਕਾ ਕੈਡਿਟ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਵੱਖ-ਵੱਖ ਵਿੰਗਾਂ ਵਿੱਚ ਕਮਿਸ਼ਨਡ ਅਫ਼ਸਰ ਵਜੋਂ ਸ਼ਾਮਲ ਹੋ ਚੁੱਕੇ ਹਨ, ਜਿਨ੍ਹਾਂ ਵਿੱਚ 21 ਅਫ਼ਸਰ ਭਾਰਤੀ ਹਵਾਈ ਸੈਨਾ, 121 ਅਫ਼ਸਰ ਭਾਰਤੀ ਫੌਜ ਅਤੇ 18 ਅਫ਼ਸਰ ਭਾਰਤੀ ਜਲ ਸੈਨਾ ਵਿੱਚ ਸ਼ਾਮਲ ਹੋਏ ਹਨ। ਇਸ ਤੋਂ ਇਲਾਵਾ 69 ਸਾਬਕਾ ਕੈਡਿਟ ਤਿੰਨਾਂ ਸੇਵਾਵਾਂ ਵਿੱਚ ਕਮਿਸ਼ਨਡ ਅਫਸਰ ਬਣਨ ਲਈ ਸਿਖਲਾਈ ਲੈ ਰਹੇ ਹਨ।





ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ. ਦੇ ਡਾਇਰੈਕਟਰ ਜਨਰਲ, ਮੇਜਰ ਜਨਰਲ ਅਜੈ ਐਚ. ਚੌਹਾਨ, ਵੀ.ਐਸ.ਐਮ. ਨੇ ਕੈਡਿਟਾਂ ਨੂੰ ਕਮਿਸ਼ਨਡ ਅਫਸਰ ਬਣਨ 'ਤੇ ਵਧਾਈ ਦਿੰਦਿਆਂ ਉਨ੍ਹਾਂ ਨੂੰ ਸੰਸਥਾ ਦੇ ਸੱਚੇ ਪ੍ਰਤੀਨਿਧ ਅਤੇ ਪੰਜਾਬ ਦੇ ਸਪੂਤ ਵਜੋਂ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਆ।

# ਮਈ ਮਹੀਨੇ ’ਚ 4493 ਵਿਅਕਤੀਆਂ ਨੇ ਸਾਂਝ ਕੇਂਦਰਾਂ ਦੀਆਂ ਸੇਵਾਵਾਂ ਦਾ ਲਿਆ ਲਾਹਾ- ਐਸ.ਐਸ.ਪੀ.

ਸੰਗਰੂਰ
ਸਾਂਝੀ ਸੋਚ ਬਿਊਰੋ

ਜ਼ਿਲ੍ਹੇ ਵਿੱਚ ਲੋਕਾਂ ਦੀ ਸੁਵਿਧਾ ਲਈ ਸਥਾਪਿਤ ਕੀਤੇ ਸਾਂਝ ਕੇਂਦਰ ਸਮਾਂਬੱਧ ਅਤੇ ਸੁਖਾਵੇਂ ਮਾਹੌਲ ਵਿਚ ਪੁਲਿਸ ਵਿਭਾਗ ਨਾਲ ਸਬੰਧਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਲਾਹੇਵੰਦ ਸਬਿਤ ਹੋ ਰਹੇ ਹਨ। ਜ਼ਿਲ੍ਹਾ ਪੱਧਰ ’ਤੇ ਚਲ ਰਿਹਾ ਸਾਂਝ ਕੇਂਦਰ, ਸਬ ਡਵੀਜ਼ਨ ਪੱਧਰ ’ਤੇ 3 ਸਾਂਝ ਕੇਂਦਰਾਂ ਸਮੇਤ 12 ਥਾਣਿਆਂ ’ਚ ਵੀ ਪੁਲਿਸ ਸਟੇਸ਼ਨ ਸਾਂਝ ਕੇਂਦਰ ਚਲ ਰਹੇ ਹਨ। ਇਹ ਜਾਣਕਾਰੀ ਐਸ.ਐਸ.ਪੀ. ਮਾਨਸਾ ਡਾ. ਨਾਨਕ ਸਿੰਘ ਨੇ ਦਿੱਤੀ।

ਐਸ.ਐਸ.ਪੀ. ਡਾ. ਨਾਨਕ ਸਿੰਘ ਨੇ ਦੱਸਿਆ ਕਿ ਮਹੀਨਾ ਮਈ 2024 ਦੌਰਾਨ ਵੱਖ-ਵੱਖ ਸਾਂਝ ਕੇਂਦਰਾਂ ਤੋਂ 4493 ਵਿਅਕਤੀਆਂ ਨੇ ਵੱਖੋ-ਵੱਖਰੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਹਨ।

ਉਨ੍ਹਾਂ ਦੱਸਿਆ ਕਿ ਆਧੁਨਿਕ ਸਹੂਲਤਾਂ ਅਤੇ ਕੰਪਿਊਟਰਾਈਜ਼ਡ ਪ੍ਰਣਾਲੀ ਨਾਲ ਲੈਸ ਸਾਂਝ ਕੇਂਦਰ ਪੁਲਿਸ ਅਤੇ ਲੋਕਾਂ ਦੀ ਆਪਸੀ ਸਾਂਝ ਲਈ ਵੀ ਸਹਾਈ ਸਾਬਿਤ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਸਾਂਝ ਕੇਂਦਰਾਂ ’ਤੇ ਹਰੇਕ ਸੇਵਾ ਨੂੰ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਮੁਹੱਈਆ ਕਰਵਾਉਣ ਲਈ ਸਬੰਧਤ ਪੁਲਿਸ ਅਧਿਕਾਰੀਆਂ ਨੂੰ ਆਦੇਸ਼ ਜਾਰੀ ਕੀਤੇ ਹੋਏ ਹਨ, ਤਾਂ ਜੋ ਸਾਂਝ ਕੇਂਦਰਾਂ ’ਤੇ ਆਉਣ ਵਾਲੇ ਲੋਕਾਂ ਨੂੰ ਬਿਨ੍ਹਾਂ ਕਿਸੇ ਖੱਜਲ ਖੁਆਰੀ ਤੋਂ ਪੁਲਿਸ ਵਿਭਾਗ ਨਾਲ ਲੋੜੀਂਦੀ ਸੇਵਾ ਲੈਣ ਵਿਚ ਕੋਈ ਦਿੱਕਤ ਨਾ ਆਵੇ।

ਉਨ੍ਹਾਂ ਦੱਸਿਆ ਕਿ ਮਈ ਮਹੀਨੇ ਦੌਰਾਨ ਅਸਲਾ ਲਾਇਸੰਸ ਨੂੰ ਨਵਿਆਉਣ ਸਬੰਧੀ ਪੜਤਾਲ ਦੇ 09, ਅਸਲੇ ਦੇ ਵਾਧੇ-ਘਾਟੇ ਲਈ 11 ਦਰਖ਼ਾਸਤਾਂ, ਐਫ.ਆਈ.ਆਰ ਅਤੇ ਡੀ.ਡੀ.ਆਰ. ਸਬੰਧੀ 501, ਕਿਰਾਏਦਾਰਾਂ ਅਤੇ ਨੌਕਰਾਂ ਦੇ ਚਾਲ-ਚਲਣ ਸਬੰਧੀ 42, ਸਰਵਿਸ ਵੈਰੀਫਿਕੇਸ਼ਨ ਸਬੰਧੀ ਪ੍ਰਾਪਤ ਹੋਈਆਂ 112 ਦਰਖਾਸਤਾਂ ਦਾ ਨਿਪਟਾਰਾ ਨਿਸ਼ਚਿਤ ਸਮੇਂ ਸੀਮਾ ਅੰਦਰ ਕੀਤਾ ਜਾ ਚੁੱਕਾ ਹੈ।

ਐਸ.ਐਸ.ਪੀ. ਨੇ ਦੱਸਿਆ ਕਿ ਇਸ ਤੋਂ ਇਲਾਵਾ ਚਾਲ-ਚਲਣ ਤਸਦੀਕ ਕਰਨ ਸਬੰਧੀ 1266, ਪਾਸਪੋਰਟ ਵੈਰੀਫਿਕੇਸ਼ਨ ਸਬੰਧੀ 1724, ਸ਼ਿਕਾਇਤਾਂ ਦੀ ਪੜਤਾਲ ਸਬੰਧੀ 486, ਸ਼ਿਕਾਇਤਾਂ ਸਬੰਧੀ ਕੀਤੀ ਗਈ ਕਾਰਵਾਈ ਦੀ ਸੂਚਨਾ ਦੇਣ ਸਬੰਧੀ 321, ਪਾਸਪੋਰਟ ਨਾਲ ਸਬੰਧਿਤ ਹੋਰ ਸੇਵਾਵਾਂ ਸਬੰਧੀ ਕੁੱਲ 17 ਦਰਖਾਸਤਾਂ ਦਾ ਨਿਪਟਾਰਾ ਕੀਤਾ ਗਿਆ। ਇਸ ਤੋਂ ਇਲਾਵਾ ਲਾਇਸੰਸ ਨੂੰ ਇੱਕ ਜ਼ਿਲ੍ਹੇ ਤੋਂ ਦੂਜੇ ਜ਼ਿਲ੍ਹੇ ਵਿੱਚ ਸ਼ਿਫਟ ਕਰਨ ਸਬੰਧੀ 1, ਵਿਦੇਸ਼ੀਆਂ ਦੇ ਰਹਿਣ ਦੇ ਵਾਧੇ ਸਬੰਧੀ 1 ਅਤੇ ਹੋਰ ਸੇਵਾਵਾਂ ਸਬੰਧੀ 2 ਦਰਖਾਸਤਾਂ ਦਾ ਨਿਪਟਾਰਾ ਕੀਤਾ ਗਿਆ।



# ਦਾਨੀ ਸੱਜਣਾਂ ਦੇ ਸਹਿਯੋਗ ਨਾਲ ਲੋੜਵੰਦ ਧੀ ਦਾ ਹੋਵੇਗਾ ਆਨੰਦ ਕਾਰਜ- ਐੱਸ ਆਈ ਦਲਜੀਤ ਸਿੰਘ

ਮਾਨਸਾ
ਸਾਂਝੀ ਸੋਚ ਬਿਊਰੋ

ਪਿੱਛਲੇ ਦਿਨੀਂ ਇੱਕ ਲੋੜਵੰਦ ਪਰਿਵਾਰ ਦੀ ਧੀ ਕਹਾਣੀ ਤੁਹਾਡੇ ਨਾਲ ਸਾਂਝੀ ਕੀਤੀ ਸੀ। ਉਸ ਪਰਿਵਾਰ ਦੇ ਕੋਲ਼ ਧੀ ਦਾ ਵਿਆਹ ਕਰਨ ਜੋਗੇ ਪੈਸੈ ਨਹੀਂ ਸਨ ਜਦੋਂ ਮੀਡਿਆ ਵਲੋਂ ਉਸ ਪਰਿਵਾਰ ਦੇ ਹਲਾਤਾਂ ਦੀ ਜਾਣਕਾਰੀ ਲੋਕਾਂ ਵਿਚ ਸਾਂਝੀ ਕੀਤੀ ਤੇ ਐੱਸ ਆਈ ਦਲਜੀਤ ਸਿੰਘ ਵਲੋ ਇਹ ਸਭ ਸੁਣ ਕੇ ਰਿਹਾ ਨਾ ਗਿਆ ਤਾ ਉਹ ਕਈ ਹੋਰ ਦਾਨੀ ਸੱਜਣਾ ਨੂੰ ਨਾਲ ਲੈ ਪਰਿਵਾਰ ਕੌਲ ਪਹੁੰਚੇ। ਦਲਜੀਤ ਸਿੰਘ ਆਪਣੀ ਟੀਮ ਨਾਲ ਲੜਕੀ ਦੇ ਵਿਆਹ ਵਾਲੇ ਸੂਟ, ਰਾਸ਼ਨ ਅਤੇ ਹੋਰ ਘਰੇਲੂ ਸਾਮਾਨ ਅਤੇ ਨਕਦੀ ਦੇ ਕੇ ਮਦਦ ਕੀਤੀ ਜਿੱਥੇ ਇਸ ਪਰਿਵਾਰ ਦੇ ਨਾਲ ਉਹਨਾਂ ਦੇ ਰਿਸ਼ਤੇਦਾਰ ਨਾਨਕੇ ਦਾਦਕਿਆਂ ਨੇ ਆਪਣਾ ਨਾਤਾ ਤੋੜ ਲਿਆ ਗਿਆ ਹੈ। ਦਲਜੀਤ ਸਿੰਘ ਨੇ ਰੀਤੀ ਰਿਵਾਜਾਂ ਅਨੁਸਾਰ ਘਰ ਵਿਚ ਸਾਰਾ ਸਾਮਾਨ ਪਹੁੰਚਾਇਆ। ਘਰ ਵਿਚ ਗ਼ਰੀਬੀ ਹੋਣ ਕਰਕੇ ਨਾਨਕਿਆਂ ਅਤੇ ਦਾਦਕਿਆ ਨੇ ਮੂੰਹ ਮੋੜ ਲਿਆ ਸੀ ਉੱਥੇ ਹੀ ਐੱਸ ਆਈ ਦਲਜੀਤ ਸਿੰਘ ਅਤੇ ਹੋਰ ਦਾਨੀ ਸੱਜਣਾਂ ਨੇ ਇਹ ਵਿਆਹ ਸ਼ਾਮਿਲ ਹੋ ਕੇ ਨਾਨਕੇ ਦਾਦਕੇ ਦਾ ਫਰਜ ਅਦਾ ਕੀਤਾ। ਸਬ ਇੰਸਪੈਕਟਰ ਦਲਜੀਤ ਸਿੰਘ ਵਲੋ ਗਰੀਬ ਪਰਿਵਾਰ ਦੀ ਮਦਦ ਕੀਤੀ ਗਈ ਅਤੇ ਹੋਰ ਵੀ ਦਾਨੀ ਸੱਜਣ ਉਥੇ ਪਹੁੰਚੇ। ਗੁਰਜੀਤ ਸਿੰਘ ਔਜਲਾ ਵੱਲੋ ਵੀ ਇਸ ਕੰਮ ਦੀ ਬਹੁਤ ਪ੍ਰਸੰਸਾ ਕੀਤੀ ਗਈ। ਯਾਦ ਰਹੇ ਕੇ ਇਹ ਉਹ ਦਲਜੀਤ ਸਿੰਘ ਹਨ ਜਿੰਨਾ ਨੂੰ ਡੀ.ਜੀ.ਪੀ. ਸਾਹਿਬ ਵਲੋ ਸੋਸਲ ਸੇਵਾ ਕਰਨ ਕਰਕੇ ਸਨਮਾਨਿਤ ਕੀਤਾ ਗਿਆ ਸੀ।



# ਅਮਰੀਕਾ ਵਿਚ 17 ਸਾਲਾ ਨੌਜਵਾਨ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ ਵਿੱਚ ਸ਼ੱਕੀ ਵਿਰੁੱਧ ਹੱਤਿਆ ਦੇ ਦੋਸ਼ ਆਇਦ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਨੀਮ ਸ਼ਹਿਰੀ ਖੇਤਰ ਸਿਆਟਲ ਵਿਚ ਇਕ ਖੇਡਾਂ ਦੇ ਸਮਾਨ ਦੇ ਸਟੋਰ ਦੇ ਬਾਹਰ ਇਕ ਵਿਅਕਤੀ ਵੱਲੋਂ 17 ਸਾਲਾ ਨੌਜਵਾਨ ਜਿਸ ਕੋਲ ਏਅਰ ਸਾਫਟ ਗੰਨ ਸੀ, ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ ਵਿੱਚ ਸ਼ੱਕੀ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਇਸਤਗਾਸਾ ਪੱਖ ਅਨੁਸਾਰ ਆਰੋਨ ਬਰਾਊਨ ਮਾਈਰਜ (51) ਵਿਰੁੱਧ 17 ਸਾਲਾ ਨੌਜਵਾਨ ਜਿਸ ਦੀ ਪਛਾਣ ਐਚ ਆਰ ਵਜੋਂ ਹੋਈ ਹੈ, 'ਤੇ ਹਮਲਾ ਕਰਨ ਤੇ ਦੂਸਰਾ ਦਰਜਾ ਹੱਤਿਆ ਦੇ ਦੋਸ਼ ਲਾਏ ਗਏ ਹਨ। ਨੌਜਵਾਨ ਦੀ ਪਿੱਠ ਵਿਚ ਘੱਟੋ ਘੱਟ 6 ਗੋਲੀਆਂ ਮਾਰੀਆਂ ਗਈਆਂ ਜਿਸ ਕਾਰਨ ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਦੂਸਰੇ ਪਾਸੇ ਮਾਈਰਜ ਦੇ ਵਕੀਲ ਨੇ ਕਿਹਾ ਹੈ ਕਿ ਉਸ ਪੇਸ਼ਾਵਰ ਸੁਰੱਖਿਆ ਸਲਾਹਕਾਰ ਹੈ ਤੇ ਉਸ ਨੇ ਆਪਣੇ ਬਚਾ ਲਈ ਗੋਲੀ ਚਲਾਈ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਇਹ ਘਟਨਾ 5 ਜੂਨ ਦੀ ਸ਼ਾਮ ਨੂੰ ਵਾਪਰੀ ਜਦੋਂ ਐਚ ਆਰ ਤੇ ਦੋ ਹੋਰ ਨਬਾਲਗ ਰੈਨਟਨ, ਵਾਸ਼ਿੰਗਟਨ ਵਿਚ 5 ਸਪੋਰਟਿੰਗ ਗੁੱਡਜ ਸਟੋਰ ਵਿਚ ਪੁੱਜੇ। ਐਚ ਆਰ ਦੀ ਜੇਬ ਵਿਚ ਏਅਰਸਾਫਟ ਗੰਨ ਸੀ ਜਦ ਕਿ ਉਸ ਦੇ ਦੋਸਤ ਜਿਸ ਦੀ ਪਛਾਣ ਬੀ ਏ ਵਜੋਂ ਹੋਈ ਹੈ, ਕੋਲ ਵੀ ਏਅਰਸਾਫਟ ਗੰਨ ਸੀ। ਮਾਈਰਜ ਜੋ ਲਾਅ ਇਨਫੋਰਸਮੈਂਟ ਦਾ ਮੈਂਬਰ ਨਹੀਂ ਹੈ,ਨੇ ਸਮਝਿਆ ਕਿ ਉਹ ਲੁੱਟਮਾਰ ਕਰਨ ਆਏ ਹਨ। ਉਸ ਨੇ ਤੁਰੰਤ ਪਿਸਤੌਲ ਤਾਣ ਕੇ ਤਿੰਨਾਂ ਨੂੰ ਆਪਣੀਆਂ ਗੰਨਾਂ ਹੇਠਾਂ ਸੁੱਟਣ ਤੇ ਜਮੀਨ ਉਪਰ ਲੇਟਣ ਲਈ ਕਿਹਾ। ਬੀ ਏ ਨੇ ਅਜਿਹਾ ਹੀ ਕੀਤਾ ਜਦ ਕਿ ਐਚ ਆਰ ਹੱਥ ਖੜੇ ਕਰਕੇ ਭੱਜਣ ਲੱਗਾ ਤਾਂ ਮਾਈਰਜ ਨੇ




Star India
SWEETS AND CATERING
VEG AND NON-VEG
Entrees
DESSERTS
APPETIZERS
BEVERAGES
SIDES ETC.
RENOWNED CHEFS
HIGH QUALITY INGREDIENTS
ਵਿਆਹ - ਸ਼ਾਦੀਆਂ ਜਾਂ ਪਾਰਟੀਆਂ ਲਈ 2000 ਬੰਦਿਆਂ ਦੀ ਕੇਟਰਿੰਗ ਦਾ ਵੀ ਖਾਸ ਪ੍ਰਬੰਧ
ਦੇਸੀ ਘੀ ਦੀਆਂ ਸਵਾਦਿਸ਼ਟ ਤੇ ਤਾਜ਼ੀਆਂ ਮਠਿਆਈਆਂ ਖ਼ਾਸ ਮੌਕਿਆਂ ਲਈ
ORDERS ਤੇ ਕਰਵਾਓ ਤਿਆਰ
DINE IN AND TO GO ORDERS ALSO AVAILABLE
ਹਫ਼ਤੇ ਦੇ 7 ਤੇ ਦਿਨ ਖੁੱਲਾ : 10am-9pm
PHONE NUMBER:
(209) 629-8511, (209)858-1380
CELL ( ASHOK VERMA) (209) 681-5171
Address :- 209 E Louise Ave, Lathrop, CA , 95330

# ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਸਬ ਡਵੀਜ਼ਨਲ ਹਸਪਤਾਲ ਧੂਰੀ ਦੇ ਨਵੇਂ ਬਲਾਕ ਦੇ ਉਸਾਰੀ ਕਾਰਜਾਂ ਦਾ ਨਿਰੀਖਣ

ਧੂਰੀ
ਸਾਂਝੀ ਸੋਚ ਬਿਊਰੋ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਸੰਗਰੂਰ ਦੇ ਲੋਕਾਂ ਨੂੰ ਵਿਸ਼ਵ ਪੱਧਰ ਦੀਆਂ ਸਰਵੋਤਮ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਲਈ ਵਿਕਾਸ ਕਾਰਜ ਜੋਸ਼ੋ ਖਰੋਸ਼ ਨਾਲ ਚੱਲ ਰਹੇ ਹਨ।ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਅੱਜ ਧੂਰੀ ਵਿਖੇ ਕਰੀਬ 21.65 ਕਰੋੜ ਦੀ ਲਾਗਤ ਨਾਲ ਤਿਆਰ ਹੋ ਰਹੇ ਸਬ ਡਵੀਜ਼ਨਲ ਹਸਪਤਾਲ ਦੇ ਨਵੇਂ ਬਲਾਕ ਅਤੇ ਮੈਟਰਨਲ ਤੇ ਚਾਇਲਡ ਕੇਅਰ ਬਿਲਡਿੰਗ ਦੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਨੂੰ ਸਿਹਤ ਸੇਵਾਵਾਂ ਪੱਖੋਂ ਮੋਹਰੀ ਬਣਾਉਣ ਦੀ ਦਿਸ਼ਾ ਵਿੱਚ ਇਹ ਬਹੁ ਕਰੋੜੀ ਲਾਗਤ ਵਾਲੇ ਪ੍ਰੋਜੈਕਟ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਖੇਤਰ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕਰਨਗੇ ਅਤੇ ਇਸ ਪ੍ਰੋਜੈਕਟ ਤਹਿਤ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਸੰਗਰੂਰ ਦੇ ਚਾਰ ਸਰਕਾਰੀ ਹਸਪਤਾਲਾਂ ਨੂੰ ਅਤਿ ਆਧੁਨਿਕ ਸਿਹਤ ਸੁਵਿਧਾਵਾਂ ਅਤੇ ਉਪਕਰਨਾਂ ਨਾਲ ਲੈਸ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਕੰਮ ਨੂੰ ਤਰਜੀਹ ਦੇ ਆਧਾਰ ਤੇ ਨੇਪਰੇ ਚੜ੍ਹਾਉਣ ਲਈ ਉਹ ਖੁਦ ਸਮੇਂ-ਸਮੇਂ 'ਤੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲੈ ਰਹੇ ਹਨ ਅਤੇ ਸਬੰਧਤ ਸਬ ਡਵੀਜ਼ਨ ਦੇ ਐਸ.ਡੀ.ਐਮ ਨੂੰ ਵੀ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਨਿਗਰਾਨੀ ਕਰਦੇ ਰਹਿਣ ਦੀ ਹਦਾਇਤ ਕੀਤੀ ਗਈ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿੱਚ ਸਿਵਲ ਹਸਪਤਾਲ ਸੰਗਰੂਰ, ਸਬ ਡਵੀਜ਼ਨਲ ਹਸਪਤਾਲ ਧੂਰੀ, ਕਮਿਊਨਿਟੀ ਹੈਲਥ ਸੈਂਟਰ ਕੌਹਰੀਆਂ ਅਤੇ ਰੂਰਲ ਹਸਪਤਾਲ ਚੀਮਾ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ।ਉਸਾਰੀ ਕਾਰਜਾਂ ਦੇ ਨਿਰੀਖਣ ਦੌਰਾਨ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਐਕਸੀਅਨ ਪੰਜਾਬ ਮੰਡੀ ਬੋਰਡ ਪੁਨੀਤ ਸ਼ਰਮਾ ਤੋਂ ਸਬੰਧਤ ਹਸਪਤਾਲ ਦੀ ਅਪਗ੍ਰੇਡੇਸ਼ਨ ਸਬੰਧੀ ਮੌਜੂਦਾ ਸਥਿਤੀ ਅਤੇ ਹੋਰ ਜ਼ਰੂਰਤਾਂ ਬਾਰੇ ਨਕਸ਼ਿਆਂ ਰਾਹੀਂ ਜਾਣਕਾਰੀ ਹਾਸਿਲ ਕੀਤੀ ਅਤੇ ਮੌਕੇ ਉਤੇ ਮੌਜੂਦ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ।

ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਅਗਲੇ ਸਾਲ ਇਹ ਚਾਰੇ ਹੀ ਮਹੱਤਵਪੂਰਨ ਸਿਹਤ ਪ੍ਰੋਜੈਕਟ ਪੂਰੀ ਤਰ੍ਹਾਂ ਮੁਕੰਮਲ ਹੋ ਜਾਣਗੇ ਅਤੇ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਮਰਪਿਤ ਕਰ ਦਿੱਤੇ ਜਾਣਗੇ।

# ਦੇਹਰਾ ਬਾਬਾ ਗੁਲਾਬ ਸਿੰਘ ਜੀ ਪਿੰਡ ਨੌਰਾ ਵਿਖੇ ਫਰੀ ਮੈਡੀਕਲ ਚੈੱਕਅਪ ਕੈਂਪ ਲੱਗਾ

ਨੌਰਾ
ਸਾਂਝੀ ਸੋਚ ਬਿਊਰੋ

ਗੁਰਦੁਆਰਾ ਦੇਹਰਾ ਬਾਬਾ ਗੁਲਾਬ ਸਿੰਘ ਜੀ ਪਿੰਡ ਨੌਰਾ ਵਿਖੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਵੱਡੀ ਸੰਗਰਾਂਦ ਦੇ ਗੁਰਮਤਿ ਸਮਾਗਮ ਮੌਕੇ ਐਨ ਆਰ ਆਈ ਲੰਬੜਦਾਰ ਮਸਤਾਨ ਸਿੰਘ ਪੁੱਤਰ ਸਾਧੂ ਸਿੰਘ ਅਤੇ ਭਗਤ ਸਿੰਘ , ਸਮੂਹ ਸਾਧ ਸੰਗਤ, ਸਮੂਹ ਪਰਿਵਾਰ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਸ. ਦਲਜੀਤ ਸਿੰਘ ਖੱਖ ਡੀ ਐਸ ਪੀ ਬੰਗਾ ਨੇ ਕੀਤਾ । ਉਹਨਾਂ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਹਿਯੋਗ ਨਾਲ ਮਾਨਵਤਾ ਦੀ ਸੇਵਾ ਲਈ ਐਨ ਆਰ ਆਈ ਲੰਬੜਦਾਰ ਮਸਤਾਨ ਸਿੰਘ ਪੁੱਤਰ ਸਾਧੂ ਸਿੰਘ ਅਤੇ ਭਗਤ ਸਿੰਘ , ਸਮੂਹ ਸਾਧ ਸੰਗਤ, ਸਮੂਹ ਪਰਿਵਾਰ ਵਲੋਂ ਦੂਜਾ ਫਰੀ ਮੈਡੀਕਲ ਚੈਕਅੱਪ ਕੈਂਪ ਲਗਾਉਣ ਦੇ ਕਾਰਜ ਦੀ ਭਾਰੀ ਸ਼ਲਾਘਾ ਕੀਤੀ । ਮਸਤਾਨ ਸਿੰਘ ਐਨ ਆਰ ਆਈ ਲੰਬੜਦਾਰ ਨੇ ਕੈਂਪ ਦੀ ਸਫਲਤਾ ਲਈ ਸਮੂਹ ਸੰਗਤਾਂ ਅਤੇ ਹਸਪਤਾਲ ਢਾਹਾਂ ਕਲੇਰਾਂ ਦੀ ਮੈਡੀਕਲ ਟੀਮ ਦਾ ਧੰਨਵਾਦ ਕੀਤਾ । ਉਹਨਾਂ ਨੇ ਇਲਾਕਾ ਨਿਵਾਸੀਆਂ ਲਈ ਭਵਿੱਖ ਵਿੱਚ ਹੋਰ ਵੀ ਵੱਡੇ ਮੈਡੀਕਲ ਕੈਂਪ ਲਗਾਉਣ ਦੇ ਪ੍ਰੋਗਰਾਮ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ । ਫਰੀ ਮੈਡੀਕਲ ਕੈਂਪ ਵਿਚ ਡਾ. ਸੁਰੇਸ਼ ਕੁਮਾਰ ਬਸਰਾ ਦੀ ਅਗਵਾਈ ਵਿੱਚ ਮਾਹਿਰ ਡਾਕਟਰ ਸਾਹਿਬਾਨ ਵੱਲੋਂ 170 ਤੋਂ ਵੱਧ ਮਰੀਜ਼ਾਂ ਦਾ ਮੁਫ਼ਤ ਮੈਡੀਕਲ ਚੈੱਕਐੱਪ ਕੀਤਾ ਗਿਆ ਅਤੇ ਮਰੀਜ਼ਾਂ ਨੂੰ ਫਰੀ ਦਵਾਈਆਂ ਪ੍ਰਦਾਨ ਕੀਤੀਆਂ । ਇਸ ਮੌਕੇ ਮਰੀਜ਼ਾਂ ਦਾ ਸ਼ੂਗਰ ਟੈਸਟ, ਐਲ ਐਫ ਟੀ, ਆਰ ਐਫ ਟੀ ਤੋਂ ਇਲਾਵਾ ਹੋਰ ਕਈ ਜ਼ਰੂਰੀ ਲੈਬ ਟੈਸਟ ਵੀ ਫਰੀ ਕੀਤੇ ਗਏ । ਇਸ ਕੈਂਪ ਵਿੱਚ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਮਸਤਾਨ ਸਿੰਘ ਐਨ ਆਰ ਆਈ ਲੰਬੜਦਾਰ ਅਤੇ ਪ੍ਰਧਾਨ ਗੁਰਦੁਆਰਾ ਦੇਹਰਾ ਬਾਬਾ ਗੁਲਾਬ ਸਿੰਘ ਜੀ ਪਿੰਡ ਨੌਰਾ, ਮਲਕੀਤ ਸਿੰਘ, ਸਮਾਜ ਸੇਵਕ ਨਿਰਮਲਜੀਤ ਸਿੰਘ ਸੋਨੂੰ ਝਿੱਕਾ, ਜਸਪ੍ਰੀਤ ਸਿੰਘ, ਦਲਜੀਤ ਸਿੰਘ, ਪਰਮਜੀਤ ਸਿੰਘ, ਅਜੀਤ ਸਿੰਘ, ਸਤਵਿੰਦਰ ਸਿੰਘ, ਸੋਹਨ ਸਿੰਘ, ਸੋਹਨ ਲਾਲ, ਅਵਤਾਰ ਸਿੰਘ, ਡਾ. ਨਵਦੀਪ ਕੌਰ ਮੈਡੀਕਲ ਅਫਸਰ, ਡਾਈਟੀਸ਼ੀਅਨ ਰੌਣਿਕਾ ਕਾਹਲੋਂ, ਸੁਰਜੀਤ ਸਿੰਘ ਜਗਤਪੁਰ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।





# ਜਮਹੂਰੀ ਲਹਿਰ ਨੂੰ ਫਾਸ਼ੀਵਾਦ ਦੇ ਹਮਲੇ ਤੋਂ ਬਚਾਉਣ ਲਈ ਇਕੱਠੇ ਹੋ ਕੇ ਸੰਘਰਸ਼ ਕਰਨਾ ਸਮੇਂ ਦੀ ਲੋੜ: ਪ੍ਰੋ ਜਗਮੋਹਣ ਸਿੰਘ

ਬਰਨਾਲਾ
ਸਾਂਝੀ ਸੋਚ ਬਿਊਰੋ

ਸਥਾਨਕ ਤਰਕਸ਼ੀਲ ਭਵਨ ਵਿਖੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ 17ਵਾਂ ਡੈਲੀਗੇਟ ਇਜਲਾਸ ਵਿੱਚ ਹਰੀ ਸਿੰਘ ਤਰਕ, ਪ੍ਰੋ ਅਜਮੇਰ ਸਿੰਘ ਔਲਖ, ਨਾਮਦੇਵ ਭੁਟਾਲ, ਸੁਰਜੀਤ ਪਾਤਰ, ਐਡਮਿਰਲ ਰਾਮਦੌਸ, ਸ਼ੁਭ ਕਰਨ ਸਿੰਘ ਆਦਿ ਵਿਛੜੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕਰਨ ਉਪਰੰਤ ਸ਼ੁਰੂ ਹੋਇਆ। ਜਿਸ ਵਿੱਚ ਪੰਜਾਬ ਦੇ 13 ਜ਼ਿਲ੍ਹਿਆਂ ਤੋਂ 94 ਡੈਲੀਗੇਟ ਅਤੇ 10 ਦਰਸ਼ਕਾਂ ਨੇ ਭਾਗ ਲਿਆ।

ਜਮਹੂਰੀ ਅਧਿਕਾਰ ਸਭਾ ਹਰਿਆਣਾ ਦੇ ਜਰਨਲ ਸਕੱਤਰ ਦਵਿੰਦਰ ਰਣੀਆਂ, ਪ੍ਰੋ ਏ ਕੇ ਮਲੇਰੀ, ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਰਜਿੰਦਰ ਸਿੰਘ ਭਦੌੜ, ਜਗਜੀਤ ਸਿੰਘ ਢਿੱਲੋਂ, ਡਾ. ਜਸਬੀਰ ਸਿੰਘ ਔਲਖ ਦੀ ਪ੍ਰਧਾਨਗੀ ਹੇਠ ਹੋਏ ਖੁੱਲ੍ਹੇ ਸੈਸ਼ਨ ਮੌਕੇ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ ਜਗਮੋਹਨ ਸਿੰਘ ਨੇ "ਫਾਸ਼ੀਵਾਦੀ ਦੌਰ ਵਿੱਚ ਜਮਹੂਰੀ ਹੱਕ" ਵਿਸ਼ੇ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜਮਹੂਰੀ ਲਹਿਰ ਅੱਗੇ ਭਵਿੱਖ ਵਿੱਚ ਹੋਰ ਵੀ ਗੰਭੀਰ ਚੁਣੌਤੀਆਂ ਦਰਪੇਸ਼ ਹਨ। ਜਮਹੂਰੀ ਲਹਿਰ ਅੱਗੇ ਮੁੱਖ ਕਾਰਜ ਫਾਸ਼ੀਵਾਦ ਦਾ ਸਾਹਮਣਾ ਕਰਨਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਨਵੀਂ ਬਣੀ ਮੋਦੀ ਸਰਕਾਰ ਫਾਸ਼ੀਵਾਦੀ ਕਦਮਾਂ ਨੂੰ ਹੋਰ ਵੀ ਤੇਜ਼ ਕਰਨ ਜਾ ਰਹੀ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਇੱਕ ਸਾਰ ਸਿਵਲ ਕੋਡ ਨੂੰ ਹੋਰ ਵੀ ਤੇਜ਼ੀ ਨਾਲ ਲਿਆਉਣ,ਨਵੇਂ ਅਪਰਾਧਿਕ ਕਾਨੂੰਨਾਂ ਨੂੰ ਜੁਲਾਈ ਵਿੱਚ ਲਾਗੂ ਕਰਨ ਦਾ ਐਲਾਨ, ਲੋਕ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਨਿਧੜਕ ਲੇਖਿਕਾ ਅਰੁੰਧਿਤੀ ਰਾਏ ਵਿਰੁੱਧ 14 ਸਾਲ ਪੁਰਾਣੇ ਇਕ ਮਾਮਲੇ ਵਿੱਚ ਯੂਏਪੀਏ ਤਹਿਤ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਦੇਣਾ ਸਰਕਾਰ ਦੇ ਭਵਿੱਖੀ ਫਾਸ਼ੀਵਾਦੀ ਮਨਸੂਬਿਆਂ ਨੂੰ ਦਰਸਾਉਂਦਾ ਹੈ।



ਇਸ ਮੌਕੇ ਮਨੁੱਖੀ ਅਧਿਕਾਰਾਂ ਦੇ ਘੁਲਾਟੀਏ ਅਤੇ ਚਰਚਿਤ ਸ਼ਖਸੀਅਤ ਰਜਨੀ ਐਕਸ ਡੇਸਾਈ ਵਲੋਂ ਭੇਜਿਆ ਗਿਆ ਲਿਖਤੀ ਸੰਦੇਸ਼ ਨਰਭਿੰਦਰ ਨੇ ਪੜ੍ਹਿਆ ਜਿਸ ਵਿੱਚ ਉਨ੍ਹਾਂ ਕਿਹਾ ਕਿ ਇਹ ਸਰਕਾਰ ਸੰਸਥਾਵਾਂ, ਮੀਡੀਆ, ਹਕੂਮਤੀ ਅਦਾਰਿਆਂ ਦੀ ਵਰਤੋਂ ਕਰਕੇ ਵਿਰੋਧੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ ਪਰ ਇਹ ਦੱਬ ਨਹੀਂ ਸਕਦੀ।ਕੋਆਰਡੀਨੇਸ਼ਨ ਡੈਮੋਕ੍ਰੇਟਿਕ ਰਾਈਟਸ ਆਰਗੇਨਾਈਜੇਸ਼ਨ (ਸੀਡੀਆਰਓ) ਤੀਸਰੀ ਦੁਨੀਆਂ ਦੇ ਸੰਪਾਦਕ ਆਨੰਦ ਸਰੂਪ ਵਰਮਾ ਦੇ ਆਏ ਭਰਾਤਰੀ ਸੰਦੇਸ਼ ਪੜ੍ਹਕੇ ਸੁਣਾਏ ਗਏ।

ਇਜ਼ਲਾਸ ਦੇ ਪਹਿਲੇ ਸੈਸ਼ਨ ਦੀ ਸੂਬਾ ਸਕੱਤਰ ਪ੍ਰਿਤਪਾਲ ਸਿੰਘ ਨੇ ਅੱਜ ਦੇ ਹਾਲਾਤ 'ਤੇ ਵਿਚਾਰ ਚਰਚਾ ਦੀ ਰਿਪੋਰਟ ਪੇਸ਼ ਕੀਤੀ ਜਿਸ ਨੂੰ ਡਾ ਅਜੀਤ ਪਾਲ, ਤਰਸੇਮ ਧੂਰੀ, ਅਤੇ ਜਸਬੀਰ ਸਿੰਘ ਨਵਾਂ ਸ਼ਹਿਰ ਨੇ ਇਸ ਸੈਸ਼ਨ ਦੀ ਪ੍ਰਧਾਨਗੀ ਕੀਤੀ। ਇਸ ਰਿਪੋਰਟ 'ਤੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਜਮਹੂਰੀ ਅਧਿਕਾਰ ਸਭਾ ਪੰਜਾਬ ਬਰਨਾਲਾ ਦੇ ਪ੍ਰਧਾਨ ਸੋਹਣ ਸਿੰਘ ਮਾਂਝੀ ਨੇ ਵੱਖ ਵੱਖ ਜ਼ਿਲ੍ਹਿਆਂ ਦੇ ਡੈਲੀ ਗੇਟਾਂ, ਦਰਸ਼ਕਾਂ ਦਾ ਧੰਨਵਾਦ ਕੀਤਾ। ਜ਼ਿਲ੍ਹਾ ਸਕੱਤਰ ਬਰਨਾਲਾ ਬਿੱਕਰ ਸਿੰਘ ਔਲਖ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।




web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED




# ਕੈਲੀਫੋਰਨੀਆ ਦੀ ਕਿਸੇ ਵੀ ਲੋਕੇਸ਼ਨ ਤੇ ਜਾਓ

## ਟਰੱਕ ਅਤੇ ਟ੍ਰੇਲਰ ਚਮਕਾਓ ਸਸਤੇ ਅਤੇ ਵਾਜਬ ਰੇਟਾਂ ਉੱਤੇ

Our Locations :-

**Delhi | Merced | Madera | Santa Nella**
**Tracy | San Fransisco | Corning**

Old Truck Stop Gemco Ripon Next to Flying J, Santos Ave ਦੇ ਉੱਤੇ








Find nearest Location & Hours

**Call at 1800-405-9274 or visit our website for**
credit application to open credit account with our company

ਸਾਡੀਆਂ ਰਿਪਨ ਵਾਲੀਆਂ ਲੋਕੇਸ਼ਨਾਂ ਤੇ ਅਸੀਂ ਟੈਂਕਰ ਜੋ ਕੇ food Grade ਹਨ
ਉਹਨਾਂ ਨੂੰ ਅੰਦਰੋਂ ਧੋਂਦੇ ਹਾਂ ਅਤੇ Certified ਕਰਦੇ ਅਤੇ ਕੋਸ਼ਰ ਵਾਸ਼ ਵੀ ਕਰਦੇ ਹਾਂ

Tire Shop, Repair Shop, Oil & Lube Shop available on our locations

**Website:- www.aaatruckwash.com**


WE HAVE THE CHEAPEST FARES TO INDIA
LEGEND TRAVEL
arc accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA

# ਅਖਾੜਾ ਗੈਸ ਫੈਕਟਰੀ ਖ਼ਿਲਾਫ਼ ਸੰਘਰਸ਼ਸ਼ੀਲ ਲੋਕ 18 ਜੂਨ ਨੂੰ ਹਲਕਾ ਵਿਧਾਇਕ ਦਾ ਘਰ ਘੇਰਨਗੇ

ਲੁਧਿਆਣਾ
ਸਾਂਝੀ ਸੋਚ ਬਿਊਰੋ

ਬੀਤੇ 46 ਦਿਨਾਂ ਤੋਂ ਪਿੰਡ ਦੇ ਮੁੱਢ ਚ ਲੱਗ ਰਹੀ ਬਾਇਓ ਗੈਸ ਫੈਕਟਰੀ ਨੂੰ ਪੱਕੇ ਤੌਰ ਤੇ ਬੰਦ ਕਰਾਉਣ ਦੀ ਮੰਗ ਨੂੰ ਲੈ ਕੇ ਚੱਲ ਰਹੇ ਫੈਕਟਰੀ ਮੂਹਰੇ ਪਿੰਡ ਅਖਾੜਾ 'ਚ ਦਿਨ ਰਾਤ ਦੇ ਧਰਨੇ ਨੂੰ ਉਦੋਂ ਤੱਕ ਜਾਰੀ ਰੱਖਿਆ ਜਾਵੇਗਾ ਤੱਕ ਇਹ ਫੈਕਟਰੀ ਪੱਕੇ ਤੌਰ ਤੇ ਬੰਦ ਨਹੀ ਜ਼ਰ ਦਿੱਤੀ ਜਾਂਦੀ। ਸੰਘਰਸ਼ ਕਮੇਟੀ ਦੇ ਆਗੂਆਂ ਗੁਲਵੰਤ ਸਿੰਘ ਅਖਾੜਾ, ਗੁਰਤੇਜ ਸਿੰਘ ਅਖਾੜਾ ਨੇ ਦੱਸਿਆ ਕਿ ਡੀ ਸੀ ਲੁਧਿਆਣਾ ਵੱਲੋਂ ਭੇਜੀ ਪੜਤਾਲੀਆ ਟੀਮ ਨੂੰ ਦੋ ਘੰਟੇ ਲੰਮੀ ਮੀਟਿੰਗ ਚ ਅਧਿਕਾਰੀਆਂ ਦੇ ਸਾਰੇ ਸਵਾਲਾਂ ਦੇ ਤਰਕ ਭਰਪੂਰ ਜਵਾਬ ਦੇ ਕੇ ਸਹਿਮਤ ਕੀਤਾ ਗਿਆ ਕਿ ਇਹ ਫੈਕਟਰੀ ਪੱਕੇ ਤੌਰ ਤੇ ਬੰਦ ਕੀਤੀ ਜਾਵੇ।

ਉਨ੍ਹਾਂ ਦੱਸਿਆ ਕਿ ਸੰਘਰਸ਼ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਭਗਵੰਤ ਮਾਨ ਸਰਕਾਰ ਤੇ ਦਬਾਅ ਬਨਾਉਣ ਅਤੇ ਮਾਨ ਸਰਕਾਰ ਦਾ ਪਾਜ ਉਘਾੜਨ ਲਈ ਆਮ ਆਦਮੀ ਪਾਰਟੀ ਦੀ ਹਲਕਾ ਵਿਧਾਇਕ ਸਰਬਜੀਤ ਕੌਰ ਮਾਣੂਕੇ ਦੇ ਘਰ ਦਾ 18 ਜੂਨ ਨੂੰ ਪੂਰੇ ਪਿੰਡ ਵੱਲੋਂ ਲਾਮਿਸਾਲ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਚੋਣਾਂ 'ਚ ਸਭ ਤੋ ਵੱਧ ਵੋਟਾਂ ਪਾ ਕੇ ਪੂਰੇ ਪਿੰਡ ਵੱਲੋਂ ਜਿਤਾਈ ਜਾਣ ਵਾਲੀ ਹਲਕਾ ਵਿਧਾਇਕ ਨਖਿੱਧ ਸਾਬਤ ਹੋਈ ਹੈ। ਲੋਕ ਸਭਾ ਚੋਣਾਂ ਦਾ ਪੂਰਨ ਬਾਈਕਾਟ ਕਰਕੇ ਅਖਾੜਾ ਪਿੰਡ ਨੇ ਅਪਨੀ ਸ਼ਕਤੀ ਤੇ ਪੂਰਨ ਏਕਤਾ ਦਾ ਮੁਜਾਹਰਾ ਕੀਤਾ ਹੈ। ਉਨ੍ਹਾਂ ਇਲਾਕੇ ਦੀਆਂ ਕਿਸਾਨ ਮਜ਼ਦੂਰ ਜਥੇਬੰਦੀਆਂ ਨੂੰ ਇਸ ਰੋਸ ਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਬੀਤੀ 11 ਜੂਨ ਨੂੰ ਸੱਤ ਪਿੰਡਾਂ ਅਖਾੜਾ, ਭੂੰਦੜੀ, ਘੁੰਗਰਾਲੀ ਰਾਜਪੂਤਾਂ, ਮੁਸ਼ਕਾਬਾਦ, ਪਾਇਲ, ਸੇਹ, ਗੋਹ ਦੀ ਸਾਂਝੀ ਤਾਲਮੇਲ ਕਮੇਟੀ ਵੱਲੋਂ ਹਜ਼ਾਰਾਂ ਦੀ ਗਿਣਤੀ ਚ ਮਰਦ ਔਰਤਾਂ ਵੱਲੋਂ ਡੀ ਸੀ ਦਫਤਰ ਮੂਹਰੇ ਦਿੱਤੇ ਲਾਮਿਸਾਲ ਧਰਨੇ ਦੀ ਬਦੌਲਤ ਡੀ ਸੀ ਲੁਧਿਆਣਾ ਨੇ ਸਾਰੀਆਂ ਥਾਵਾਂ ਦੀ ਪੜਤਾਲ ਕਰਕੇ ਰਿਪੋਰਟ ਪੰਜਾਬ ਸਰਕਾਰ ਨੂੰ ਇੱਕ ਹਫ਼ਤੇ 'ਚ ਭੇਜਣ ਤੇ ਪੰਜਾਬ ਸਰਕਾਰ ਨਾਲ ਗੱਲ ਕਰਾਉਣ ਦਾ ਭਰੋਸਾ ਦੇਣ ਤੇ ਬੀਤੇ ਦਿਨ ਮੋਰਚੇ ਚ ਪੁੱਜੀ ਡੀ ਸੀ ਸੀ ਪੜਤਾਲੀਆ ਟੀਮ 'ਚ ਡੀ ਡੀ ਪੀ ਓ ਨਵਦੀਪ ਕੌਰ ਲੁਧਿਆਣਾ, ਗੁਰਦੀਪ ਸਿੰਘ ਬਲਾਕ ਖੇਤੀਬਾੜੀ ਅਫਸਰ, ਹਰਮਿੰਦਰ ਸਿੰਘ ਏ ਡੀ ਓ ਸਮੇਤ ਵੱਖ ਵੱਖ ਅਦਾਰਿਆਂ ਦੇ ਅੱਠ ਅਧਿਕਾਰੀ ਹਾਜ਼ਰ ਸਨ।

ਸੰਘਰਸ਼ ਕਮੇਟੀ ਆਗੂਆਂ ਨੇ ਦੱਸਿਆ ਕਿ ਵੱਸੋਂ ਦੇ ਨੇੜੇ ਉਸਾਰੀ ਜਾਣ ਵਾਲੀ ਬਾਈਓ ਗੈਸ ਫੈਕਟਰੀ ਗੈਰਕਨੂੰਨੀ ਹੈ, ਪਿੰਡ ਦੀ ਪੰਚਾਇਤ ਜਾਂ ਗਰਾਮ ਸਭਾ ਤੋਂ ਪੁੱਛਿਆ ਹੀ ਨਹੀਂ ਗਿਆ। ਸੰਘਰਸ਼ ਕਮੇਟੀ ਨੇ ਕਿਹਾ ਕਿ ਉਹ ਘੁੰਗਰਾਲੀ ਰਾਜਪੂਤਾਂ ਜਿਹਾ ਸਰਾਪ ਅਪਣੇ ਪਿੰਡ ਹਰ ਤਰਾਂ ਦੀ ਕੁਰਬਾਨੀ ਕਰਕੇ ਕਿਸੇ ਵੀ ਹਾਲਤ ਚ ਨਹੀ ਲੱਗਣ ਦੇਣਗੇ। ਉਨ੍ਹਾਂ ਸਪੱਸ਼ਟ ਕੀਤਾ ਕਿ ਵੱਡੀਆਂ ਸਬਸਿਡੀਆਂ ਸਰਕਾਰ ਤੋ ਹਾਸਲ ਕਰਕੇ ਲੋਕਾਂ ਦੀ ਜਾਨ ਦਾ ਖੌਅ ਬਨਣ ਵਲੀ ਫੈਕਟਰੀ ਬੰਦ ਕਰਾਉਣ ਲਈ ਪਿੰਡ ਵਾਸੀ ਹਰ ਤਰਾਂ ਦੀ ਲੜਾਈ ਲੜਣ ਲਈ ਤਿਆਰ ਬਰ ਤਿਆਰ ਹਨ। ਮੀਟਿੰਗ 'ਚ ਇਨਾਂ ਦੇ ਨਾਲ ਪਾਲਾ ਸਿੰਘ, ਸੁਖਜੀਤ ਸਿੰਘ, ਹਰਦੇਵ ਸਿੰਘ, ਸੁਖਦੇਵ ਸਿੰਘ, ਭਗਵੰਤ ਸਿੰਘ, ਤਾਰਾ ਸਿੰਘ, ਦਰਸ਼ਨ ਸਿੰਘ, ਮਨਿੰਦਰ ਸਿੰਘ, ਰਣਜੀਤ ਸਿੰਘ ਹਾਜ਼ਰ ਸਨ।



ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਿਲਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ ਅਤੇ ਜਿਲਾ ਸੱਕਤਰ ਇੰਦਰਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫ਼ੈਕਟਰੀਆਂ ਬੰਦ ਨਾ ਕਰਨ ਦੀ ਸੂਰਤ ਚ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਪੰਜਾਬ ਸਰਕਾਰ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਤਿੰਨ ਤਿੰਨ ਮਹੀਨਿਆਂ ਤੋ ਤਪਦੀ ਗਰਮੀ ਚ ਧਰਨਿਆਂ ਤੇ ਬੈਠੇ ਲੋਕਾਂ ਨੂੰ ਮਹਿਜ ਵੋਟਾਂ ਸਮਝਣ ਦੀ ਗਲਤੀ ਕਰਨ ਦਾ ਖ਼ਮਿਆਜ਼ਾ ਭੁਗਤ ਚੁੱਕੇ ਹੋਣ ਦੇ ਬਾਵਜੂਦ ਵੀ ਜੇ ਮਸਲੇ ਨੂੰ ਲਟਕਾਇਆ ਗਿਆ ਤਾਂ ਮਾੜੇ ਨਤੀਜਿਆਂ ਦੀ ਜਿੰਮੇਵਾਰੀ ਮਾਨ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਜਥੇਬੰਦੀ ਦੇ ਵਰਕਰ ਵੱਡੀ ਗਿਣਤੀ 'ਚ ਇਸ ਘਿਰਾਓ ਸ਼ਾਮਲ ਹੋਣਗੇ।

# ਰਿਜਰਵ ਕੋਟੇ ਦੀਆਂ ਪੰਚਾਇਤੀ ਜਮੀਨਾਂ ਦੀਆਂ ਬੋਲੀਆਂ ਦੀਆਂ ਸਮੱਸਿਆਵਾਂ ਲਈ ਯੂਨੀਅਨ ਦਾ ਵਫ਼ਦ ਡੀਡੀਪੀਓ ਨੂੰ ਮਿਲਿਆ

ਸੰਗਰੂਰ
ਸਾਂਝੀ ਸੋਚ ਬਿਊਰੋ

ਸੰਗਰੂਰ ਜਿਲ੍ਹੇ ਦੇ ਪਿੰਡਾ ਵਿੱਚ ਰਿਜਰਵ ਕੋਟੇ ਦੀਆਂ ਪੰਚਾਇਤੀ ਜਮੀਨਾਂ ਦੀਆਂ ਬੋਲੀਆਂ ਕਰਵਾਉਣ ਮੌਕੇ ਆ ਰਹੀਆਂ ਸਮੱਸਿਆਵਾਂ ਅਤੇ ਜਮੀਨਾਂ ਉੱਪਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਿਛਲੇ ਸਾਲ ਨਾਲੋਂ ਵੱਧ ਰੇਟ ਤੇ ਜਮੀਨਾਂ ਦੀਆਂ ਬੋਲੀਆਂ ਕਰਨ ਦੇ ਸਬੰਧ ਵਿੱਚ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਇਕਾਈ ਸੰਗਰੂਰ ਦਾ ਵਫਦ ਸੰਗਰੂਰ ਵਿਖੇ ਡੀ ਡੀ ਪੀ ਓ ਸੁਖਚੈਨ ਸਿੰਘ ਨੂੰ ਮਿਲਿਆ।

ਇਸ ਸੰਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਧਰਮਪਾਲ ਨਮੋਲ, ਜਿਲਾ ਪ੍ਰਧਾਨ ਬਲਜੀਤ ਸਿੰਘ ਨੇ ਕਿਹਾ ਕਿ ਪੇਂਡੂ ਦਲਿਤ ਮਜ਼ਦੂਰ ਰਿਜ਼ਰਵ ਕੋਟੇ ਦੀਆਂ ਪੰਚਾਇਤੀ ਜਮੀਨਾਂ ਪਿਛਲੇ ਇੱਕ ਦਹਾਕੇ ਤੋਂ ਸਾਂਝੇ ਤੌਰ ਅਤੇ ਘੱਟ ਰੇਟ ਉੱਪਰ ਲੈਂਦੇ ਆ ਰਹੇ ਹਨ ਜਮੀਨਾਂ ਵਿੱਚ ਉਹ ਅਪਨੀ ਹਿੱਸੇਦਾਰੀ ਨਾਲ ਅਪਣਾ ਆਰਥਿਕ ਗੁਜ਼ਾਰਾ ਕਰਦੇ ਆ ਰਹੇ ਹਨ।

ਰਿਜ਼ਰਵ ਕੋਟੇ ਦੀਆਂ ਪੰਚਾਇਤੀ ਜਮੀਨਾਂ ਦਾ ਰੇਟ ਘੱਟ ਹੋਣ ਕਰਕੇ ਹਰ ਇੱਕ ਪਰਿਵਾਰ ਉਨਾ ਜਮੀਨਾਂ ਵਿੱਚ ਆਪਣੀ ਹਿੱਸੇਦਾਰੀ ਪਾਉਂਦਾ ਹੈ ਅਤੇ ਆਪਦੇ ਘਰ ਦਾ ਗੁਜ਼ਾਰਾ ਕਰਦਾ ਹੈ ਪਰ ਸਰਕਾਰ ਹਰ ਸਾਲ ਦੀ ਤਰ੍ਹਾਂ ਰਿਜਰਵ ਕੋਟੇ ਦੀਆਂ ਪੰਚਾਇਤੀ ਜਮੀਨਾਂ ਉੱਪਰ ਬੋਲੀਆਂ ਪਿਛਲੇ ਰੇਟ ਨਾਲੋ ਵਧਾ ਕੇ ਕਰਨ ਦੇ ਹੁਕਮ ਦਿੰਦੀ ਆ ਰਹੀ ਹੈ। ਪਹਿਲਾਂ ਹੀ ਪਿੰਡਾਂ ਅੰਦਰ ਪੇਂਡੂ ਦਲਿਤ ਮਜ਼ਦੂਰਾਂ ਨਾਲ ਪੱਖਪਾਤ ਹੁੰਦਾ ਆ ਰਿਹਾ ਹੈ।ਸਰਕਾਰ ਦੀਆਂ ਹਦਾਇਤਾਂ ਦੇ ਬਾਵਜੂਦ ਬੋਲੀਆਂ ਵੀ ਪੇਂਡੂ ਦਲਿਤ ਮਜ਼ਦੂਰਾਂ ਦੀਆਂ ਧਰਮਸ਼ਾਲਾ ਵਿੱਚ ਨਹੀਂ ਕਰਵਾਈਆਂ ਜਾ ਰਹੀਆਂ।

ਇਸ ਦੇ ਸਬੰਧ ਵਿੱਚ ਅੱਜ ਜਥੇਬੰਦੀ ਦੇ ਆਗੂਆਂ ਵੱਲੋਂ ਡੀਡੀਪੀਓ ਸੰਗਰੂਰ ਸਾਹਿਬ ਨੂੰ ਇਨਾ ਮਸਲਿਆਂ ਸਬੰਧੀ ਡੈਪੂਟੇਸ਼ਨ ਮਿਲ ਕੇ ਮੰਗ ਪੱਤਰ ਦਿੱਤਾ ਗਿਆ। ਡੀਡੀਪੀਓ ਸਾਹਿਬ ਨੇ ਜਥੇਬੰਦੀ ਦੇ ਆਗੂਆਂ ਵੱਲੋਂ ਉਠਾਏ ਗਏ ਮਸਲਿਆਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਮੇਜਰ ਸਿੰਘ ਉਪਲੀ, ਸਤਿਗੁਰ ਸਿੰਘ, ਸੱਤਪਾਲ ਸਿੰਘ, ਜੱਗੀ ਸਿੰਘ ਨਮੋਲ, ਬੰਅੰਤ ਸਿੰਘ ਸ਼ਾਮਿਲ ਸਨ।

# ਮਨੁੱਖੀ ਹੱਕਾਂ ਬਾਰੇ ਸੰਸਥਾ ਵਿੱਚ ਕੰਮ ਕਰਦੇ ਸਿੱਖ ਬਾਰੇ ਮੰਦਾ ਬੋਲਣ ਤੇ ਧਮਕੀ ਦੇਣ ਦੇ ਮਾਮਲੇ 'ਚ ਸੰਘੀ ਨਫ਼ਰਤੀ ਅਪਰਾਧ ਤਹਿਤ ਦੋਸ਼ ਆਇਦ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਭੂਸ਼ਨ ਅਠਾਲੇ (48) ਨਾਮੀ ਵਿਅਕਤੀ ਵਿਰੁੱਧ ਇਕ ਨਾਨ ਪ੍ਰਾਫਿਟ ਸੰਸਥਾ ਵਿਚ ਕੰਮ ਕਰਦੇ ਇਕ ਸਿੱਖ ਨੂੰ ਮੰਦਾ ਬੋਲਣ ਤੇ ਧਮਕੀ ਦੇਣ ਦੇ ਮਾਮਲੇ ਵਿੱਚ ਸੰਘੀ ਨਫ਼ਰਤੀ ਅਪਰਾਧ ਤਹਿਤ ਦੋਸ਼ ਆਇਦ ਕੀਤੇ ਗਏ ਹਨ।

ਨਿਆਂ ਵਿਭਾਗ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ 17 ਸਤੰਬਰ 2022 ਨੂੰ ਕੀਤੀ ਸ਼ਿਕਾਇਤ ਅਨੁਸਾਰ ਅਠਾਲੇ ਨੇ ਅਮਰੀਕਾ ਵਿਚ ਸਿੱਖਾਂ ਦੇ ਮਨੁੱਖੀ ਹੱਕਾਂ ਲਈ ਕੰਮ ਕਰਦੀ ਇਕ ਸੰਸਥਾ ਨੂੰ ਕਥਿੱਤ ਤੌਰ 'ਤੇ ਫੋਨ ਕੀਤਾ ਤੇ 7 ''ਵਾਇਸ ਮੇਲ'' ਭੇਜੀਆਂ।

ਜਿਨਾਂ ਵਿਚ ਸੰਸਥਾ ਵਿੱਚ ਕੰਮ ਕਰਦੇ ਇਕ ਸਿੱਖ ਵਿਅਕਤੀ ਲਈ ਨਫ਼ਰਤ ਭਰੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਤੇ ਧਮਕੀ ਦਿੱਤੀ ਕਿ ਉਹ ਉਸ ਨੂੰ ਮਾਰ ਦੇਵੇਗਾ। ਨਿਆਂ ਵਿਭਾਗ ਅਨੁਸਾਰ ਕੀਤੀ ਗਈ ਜਾਂਚ ਵਿਚ ਪਤਾ ਲੱਗਾ ਕਿ ਅਠਾਲੇ ਦਾ ਧਾਰਮਿੱਕ ਆਧਾਰ 'ਤੇ ਟਿਪਣੀਆਂ ਕਰਨ ਤੇ ਧਮਕੀਆਂ ਦੇਣ ਦਾ ਲੰਬਾ ਇਤਿਹਾਸ ਹੈ। ਉਸ ਨੇ ਇਸ ਤੋਂ ਪਹਿਲਾਂ ਪਾਕਿਸਤਾਨ ਤੇ ਮੁਸਲਮਾਨਾਂ ਪ੍ਰਤੀ ਨਫ਼ਰਤੀ ਬਿਆਨ ਦਿੱਤੇ ਸਨ।

ਨਿਆਂ ਵਿਭਾਗ ਅਨੁਸਾਰ ਅਠਾਲੇ ਨੂੰ ਉਸ ਵਿਰੁੱਧ ਆਇਦ ਦੋਸ਼ਾਂ ਲਈ ਵਧ ਤੋਂ ਵਧ 10 ਸਾਲ ਤੱਕ ਕੈਦ ਤੇ 2,50,000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ।



## ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ–ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ–ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

ARES LENDING
Residential | Commercial | Investment



# ਆਪਣਾ ਘਰ Re-Finance ਜਾਂ ਖ਼ਰੀਦਣਾ

**Business ਲੈਣਾ ਜਾਂ Re-Finance ਕਰਨਾ, Working Capital ਲੈਣਾ ਹੈ ਤਾਂ ARES LANDING Assist ਕਰ ਸਕਦੀ ਹੈ :**




SBA LOAN | FHA LOAN | CONVENTIONAL LOAN | Commercial Loan | PRIVATE LOAN | VA LOAN

## ਜੇਕਰ ਤੁਸੀਂ Veteran ਹੋ America ਦੇ ਤਾਂ

## ਤੁਹਾਨੂੰ 100% Financing Veteran ਦਾ ਆਪਾ ਦਵਾ ਸਕਦੇ ਹਾਂ

**Contact (TONY SINGH ) For More INFO at : (916) 519-7009**

DRE#: 01901843 | NMLS: 823070 | DRE# 02188764 | NMLS# 2402240

# TRS LDA SERVICES COMPANY

DRE# 02188764 | LDA# 2022-001

**Loan ਲੈਣ ਵਿੱਚ ਆਉਂਦੀ ਹੋਵੇ ਮੁਸ਼ਕਿਲ ਤਾਂ TRS LDA SERVICES COMPANY ਕੋਲ ਹੈ Credit Repair ਦਾ ਹਰ ਹੱਲ**

Credit ਠੀਕ ਕਰਵਾਉਣਾ ਹੋਵੇ | Credit ਤੇ Negative Items ਹੋਣ | ਜ਼ਿਆਦਾ Enquiries ਹੋਣ

**ਤੁਹਾਡਾ LOAN ਪਾਸ ਨਾ ਹੁੰਦਾ ਹੋਵੇ, ਤਾਂ ਅਸੀਂ ਤੁਹਾਡਾ Credit FIX ਕਰਨ ਵਿੱਚ ਮਦਦ ਕਰਦੇ ਹਾਂ**
**ਤੁਹਾਡਾ Score ਘੱਟ ਹੈ ਤਾਂ ਸਾਡੀ Company Credit Repair ਵੀ ਕਰਦੀ ਹੈ**

**ਜਾਣਕਾਰੀ ਲਈ ਕਾਲ ਕਰੋ : Credit Analyst : Fatima Fierros : (916) 829-4200**

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

Where Hope Meets

IMMIGRATION OPPORTUNITIES

USA SERVICES :
CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS

INDIAN SERVICES :
Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ

# Gillson
TRUCKING INC



# NOW Hiring
# Truck Drivers
# Class A CDL

- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight

## Skills:

- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

## Responsibilities:

- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

## Pay:

- Between **$80,000.00 - $120,000.00** per year
- Average pay: **$0.50- $0.60** cents/mile
- Weekly direct deposits
- Bonuses for clean inspections
- High mileage bonuses

## Newer Equipment:

Freightliner and Volvo 2020 and present
Reset pay away from Terminals- Stockton, CA and Dayton, Ohio

- Flexible Home Time
- Pet Friendly
- Rider Policy

## Health Benefits:

Health Dental Vision



## Where to Apply

It's on our website the link under apply now. Please copy it here and then we would to have all.

**Apply Here:**

https://intelliapp.driverapponline.com/c/gillson?uri_b=ia_gillson_2058382794

## Contact:

1801 E Dr. Martin Luther King Jr. Blvd, Stockton, CA 95205

925-400-9094 | ext.116, ext.130 and ext.144

info@teamgillson.com

## Get in Touch:

gillsontrucking

gillsontrucking

company/gillsontrucking

www.teamgillson.com

# ਪੰਜਾਬ ਵਿਚ ਭਾਜਪਾ ਦੀ ਜ਼ੀਰੋ ਸੀਟ ਲਈ ਸੁਨੀਲ ਜਾਖੜ ਜ਼ਿੰਮੇਵਾਰ: ਨੀਲ ਗਰਗ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੇ ਬਿਆਨਾਂ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਸ਼ਾਇਦ ਭਾਜਪਾ ਅਤੇ ਸੁਨੀਲ ਜਾਖੜ ਨੇ 4 ਜੂਨ ਦੇ ਨਤੀਜਿਆਂ ਤੋਂ ਕੁਝ ਨਹੀਂ ਸਿੱਖਿਆ ਹੈ। 'ਆਪ' ਦੇ ਬੁਲਾਰੇ ਨੀਲ ਗਰਗ, ਡਾ. ਸੰਨੀ ਆਹਲੂਵਾਲੀਆ ਅਤੇ ਬੱਬੀ ਬਾਦਲ ਨੇ ਸ਼ਨੀਵਾਰ ਨੂੰ ਪਾਰਟੀ ਦਫ਼ਤਰ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਜਿੱਥੇ ਉਨ੍ਹਾਂ ਨੇ ਸੁਨੀਲ ਜਾਖੜ ਨੂੰ ਘੇਰਿਆ ਅਤੇ ਕਿਹਾ ਕਿ ਉਹ ਹਮੇਸ਼ਾ ਪੰਜਾਬ ਦੇ ਲੋਕਾਂ ਦੇ ਅਸਲ ਮੁੱਦਿਆਂ ਦੇ ਬਜਾਏ ਆਪਣੇ ਸੁਆਰਥੀ ਏਜੰਡਿਆਂ ਨੂੰ ਪਹਿਲ ਦਿੰਦੇ ਹਨ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ 'ਆਪ' ਦੇ ਚੇਅਰਮੈਨ ਅਤੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਭਾਜਪਾ ਨੂੰ ਭਾਰਤ ਦੇ ਲੋਕਾਂ ਨੇ, ਖ਼ਾਸ ਕਰਕੇ ਪੰਜਾਬ ਦੇ ਲੋਕਾਂ ਨੇ ਨਕਾਰ ਦਿੱਤਾ ਹੈ। ਉਨ੍ਹਾਂ ਨੂੰ ਪੰਜਾਬ ਵਿੱਚ ਇੱਕ ਵੀ ਸੀਟ ਨਹੀਂ ਮਿਲੀ। ਉਹ 400 ਤੋਂ ਵੱਧ ਸੀਟਾਂ ਦਾ ਦਾਅਵਾ ਕਰ ਰਹੇ ਸਨ ਪਰ ਸਿਰਫ਼ 240 ਹੀ ਮਿਲੀਆਂ। ਇਹ ਇਸ ਲਈ ਹੈ ਕਿਉਂਕਿ ਉਹ (ਭਾਜਪਾ) ਧਰੁਵੀਕਰਨ ਅਤੇ ਨਫ਼ਰਤ ਦੀ ਰਾਜਨੀਤੀ ਕਰਦੇ ਹਨ। ਭਾਜਪਾ ਕਦੇ ਵੀ ਆਮ ਲੋਕਾਂ ਦੇ ਮੁੱਦਿਆਂ ਜਿਵੇਂ ਮਹਿੰਗਾਈ, ਰੁਜ਼ਗਾਰ, ਜੀਡੀਪੀ ਆਦਿ ਦੀ ਕਦੇ ਗੱਲ ਨਹੀਂ ਕਰਦੀ।

ਨੀਲ ਗਰਗ ਨੇ ਅੱਗੇ ਕਿਹਾ ਕਿ ਸੁਨੀਲ ਜਾਖੜ ਪੰਜਾਬ ਵਿੱਚ ਭਾਜਪਾ ਦੇ ਵਧੇ ਵੋਟ ਸ਼ੇਅਰ ਨੂੰ ਲੈ ਕੇ ਭਰਮ-ਭੁਲੇਖੇ ਵਿੱਚ ਹਨ, ਉਨ੍ਹਾਂ ਕਿਹਾ ਕਿ ਪਹਿਲਾਂ ਭਾਜਪਾ ਪੰਜਾਬ ਵਿੱਚ ਸਿਰਫ਼ ਤਿੰਨ ਸੀਟਾਂ 'ਤੇ ਹੀ ਚੋਣ ਲੜਦੀ ਸੀ, ਕਿਉਂਕਿ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਸੀ। ਇਸ ਵਾਰ ਉਹ ਸਾਰੀਆਂ 13 ਸੀਟਾਂ 'ਤੇ ਚੋਣ ਲੜ ਰਹੇ ਸਨ, ਇਸ ਲਈ ਵੋਟ ਪ੍ਰਤੀਸ਼ਤ ਵਿੱਚ ਮਾਮੂਲੀ ਵਾਧਾ ਹੋਇਆ ਹੈ। 'ਆਪ' ਦੇ ਬੁਲਾਰੇ ਨੇ ਅੱਗੇ ਕਿਹਾ ਕਿ 2019 'ਚ ਭਾਜਪਾ ਨੇ ਪੰਜਾਬ 'ਚ ਦੋ ਸੀਟਾਂ ਜਿੱਤੀਆਂ ਸਨ, ਇਸ ਵਾਰ ਉਨ੍ਹਾਂ ਨੂੰ ਵੱਡਾ ਜ਼ੀਰੋ ਮਿਲਿਆ ਹੈ, ਇਸ ਲਈ ਸੁਨੀਲ ਜਾਖੜ ਦਾ ਭਾਜਪਾ ਦੇ ਪੰਜਾਬ ਪ੍ਰਧਾਨ ਵਜੋਂ ਉਨ੍ਹਾਂ ਲਈ ਇਕ ਵੱਡੀ ਅਸਫਲਤਾ ਹੈ ਅਤੇ ਉਨ੍ਹਾਂ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

ਗਰਗ ਨੇ ਕਿਹਾ ਕਿ ਸੁਨੀਲ ਜਾਖੜ ਨੇ ਪੰਜਾਬ ਦੇ ਲੋਕਾਂ ਦੀ ਬਜਾਏ ਹਮੇਸ਼ਾ ਆਪਣੇ ਨਿੱਜੀ ਹਿੱਤਾਂ ਨੂੰ ਪਹਿਲ ਦਿੱਤੀ ਹੈ, ਉਨ੍ਹਾਂ ਨੇ ਕਾਂਗਰਸ ਇਸ ਲਈ ਛੱਡੀ, ਕਿਉਂਕਿ ਉਹ ਮੁੱਖ ਮੰਤਰੀ ਦੀ ਕੁਰਸੀ ਦੀ ਦੌੜ ਵਿੱਚ ਨਹੀਂ ਸਨ। ਉਨ੍ਹਾਂ ਕਿਹਾ ਕਿ ਇਹੀ ਕਾਰਨ ਹੈ ਕਿ ਸੁਨੀਲ ਜਾਖੜ ਨੂੰ ਅਬੋਹਰ ਅਤੇ ਹੁਣ ਪੂਰੇ ਪੰਜਾਬ ਦੇ ਲੋਕਾਂ ਨੇ ਨਕਾਰ ਦਿੱਤਾ ਹੈ। 'ਆਪ' ਆਗੂ ਨੇ ਕਿਹਾ ਕਿ ਜਾਖੜ ਨੇ ਕਦੇ ਵੀ ਪੰਜਾਬ ਅਤੇ ਇਸ ਦੇ ਲੋਕਾਂ ਲਈ ਆਪਣੀ ਆਵਾਜ਼ ਨਹੀਂ ਉਠਾਈ, ਨਾ ਕਦੇ ਕਿਸਾਨਾਂ ਲਈ ਖੜ੍ਹੇ ਹੋਏ ਅਤੇ ਨਾ ਹੀ ਕਿਸਾਨਾਂ 'ਤੇ ਭਾਜਪਾ ਦੇ ਅੱਤਿਆਚਾਰਾਂ ਵਿਰੁੱਧ ਕੁਝ ਕਿਹਾ।

ਗਰਗ ਨੇ ਕਿਹਾ ਕਿ ਰਵਨੀਤ ਬਿੱਟੂ ਦਾ ਕੇਂਦਰ ਵਿੱਚ ਮੰਤਰੀ ਬਣਨਾ ਇਹ ਸਾਬਤ ਕਰਦਾ ਹੈ ਕਿ ਜਾਖੜ ਲਈ ਭਾਜਪਾ ਵਿੱਚ ਵੀ ਕੋਈ ਥਾਂ ਨਹੀਂ ਹੈ।

ਡਾ.ਸੰਨੀ ਆਹਲੂਵਾਲੀਆ ਨੇ ਵੀ ਸੁਨੀਲ ਜਾਖੜ ਨੂੰ ਘੇਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤਿੰਨ ਕਰੋੜ ਪੰਜਾਬੀਆਂ ਨੇ ਸਭ ਤੋਂ ਵੱਡੇ ਅਤੇ ਇਤਿਹਾਸਕ ਫ਼ਤਵੇ ਨਾਲ ਚੁਣਿਆ ਹੈ, ਪਰ ਸੁਨੀਲ ਜਾਖੜ ਨੂੰ ਸਲੇਕਟੇਡ ਅਤੇ ਇਲੈਕਟੇਡ ਵਿਚ ਫ਼ਰਕ ਨਹੀਂ ਪਤਾ। ਡਾ. ਆਹਲੂਵਾਲੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਕੰਮ ਦੀ ਰਾਜਨੀਤੀ ਕਰਦੀ ਹੈ। ਅਸੀਂ ਸਕੂਲ, ਹਸਪਤਾਲ, ਰੁਜ਼ਗਾਰ ਅਤੇ ਵਿਕਾਸ ਦੀ ਗੱਲ ਕਰਦੇ ਹਾਂ, ਜਦਕਿ ਸੁਨੀਲ ਜਾਖੜ ਵਰਗੇ ਆਗੂ ਆਪਣੇ ਹਿੱਤਾਂ ਲਈ ਹੀ ਕੰਮ ਕਰਦੇ ਹਨ। 'ਆਪ' ਆਗੂ ਨੇ ਕਿਹਾ ਕਿ ਜਾਖੜ ਨੂੰ ਵੀ ਭਾਜਪਾ ਨੇ ਨਕਾਰ ਦਿੱਤਾ ਹੈ। ਉਨ੍ਹਾਂ ਨੂੰ ਅਬੋਹਰ ਦੇ ਲੋਕਾਂ ਨੇ ਪਹਿਲਾਂ ਹੀ ਨਕਾਰ ਦਿੱਤਾ ਸੀ ਅਤੇ ਕਾਂਗਰਸ ਵਿੱਚ ਵੀ ਉਨ੍ਹਾਂ ਦੀ ਅਣਦੇਖੀ ਹੁੰਦੀ ਰਹੀ। ਡਾ. ਆਹਲੂਵਾਲੀਆ ਨੇ ਕਿਹਾ ਕਿ ਇਸ ਸਭ ਦੇ ਬਾਵਜੂਦ ਸੁਨੀਲ ਜਾਖੜ ਸਬਕ ਸਿੱਖਣ ਦੀ ਬਜਾਏ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।




ਭਗਵੰਤ ਮਾਨ ਦੇ ਮੁੱਖ ਮੰਤਰੀ ਰਿਹਾਇਸ਼ ਛੱਡਣ ਦੀਆਂ ਅਫ਼ਵਾਹਾਂ ਨੂੰ ਸਿਰੇ ਤੋਂ ਨਕਾਰਦਿਆਂ 'ਆਪ' ਆਗੂ ਤੇ ਬੁਲਾਰੇ ਬੱਬੀ ਬਾਦਲ ਨੇ ਕਿਹਾ ਕਿ ਇਹ ਸੁਨੀਲ ਜਾਖੜ ਵਰਗੇ ਲੋਕਾਂ ਦੀ ਸੋਚ ਦਾ ਨਤੀਜਾ ਹੈ। ਸੀ.ਐਮ.ਭਗਵੰਤ ਮਾਨ ਪੰਜਾਬ ਅਤੇ ਪੰਜਾਬੀਆਂ ਦੇ ਹਰ ਮੁੱਦੇ ਤੋਂ ਜਾਣੂ ਹਨ ਅਤੇ ਉਨ੍ਹਾਂ ਨੂੰ ਕਿਤੇ ਹੋਰ ਰਹਿਣ ਦੀ ਲੋੜ ਨਹੀਂ ਹੈ, ਸਗੋਂ ਉਨ੍ਹਾਂ ਨੇ ਉੱਥੇ ਹੀ ਰਹਿਣਾ ਹੈ ਜਿੱਥੇ ਤਿੰਨ ਕਰੋੜ ਪੰਜਾਬੀਆਂ ਨੇ ਉਨ੍ਹਾਂ ਨੂੰ ਭੇਜਿਆ ਹੈ।

ਬੱਬੀ ਬਾਦਲ ਨੇ ਕਿਹਾ ਕਿ ਜੇਕਰ ਕੁੱਝ ਖ਼ਾਲੀ ਹੋ ਰਿਹਾ ਹੈ ਤਾਂ ਉਹ ਹੈ ਪੰਜਾਬ ਭਾਜਪਾ ਦਾ ਦਫ਼ਤਰ, ਕਿਉਂਕਿ ਭਾਜਪਾ ਪੰਜਾਬ ਵਿੱਚ ਲੋਕ ਸਭਾ ਚੋਣਾਂ ਬੁਰੀ ਤਰ੍ਹਾਂ ਹਾਰ ਗਈ ਹੈ। ਇਸ ਲਈ ਹੁਣ ਯਕੀਨੀ ਤੌਰ 'ਤੇ ਭਾਜਪਾ ਆਪਣੇ ਪੰਜਾਬ ਪ੍ਰਧਾਨ ਨੂੰ ਵੀ ਬਦਲੇਗੀ। ਬੱਬੀ ਬਾਦਲ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਸੁਨੀਲ ਜਾਖੜ ਭਾਜਪਾ ਦੀ ਹੰਕਾਰੀ ਟੀਮ ਵਿੱਚ ਸ਼ਾਮਲ ਹੋ ਗਏ ਹਨ, ਕਿਉਂਕਿ ਕੁਝ ਦਿਨ ਪਹਿਲਾਂ ਆਰਐਸਐਸ ਨੇ ਵੀ ਕਿਹਾ ਸੀ ਕਿ ਭਾਜਪਾ ਆਗੂ ਐਨੇ ਹੰਕਾਰੀ ਹੋ ਗਏ ਹਨ ਕਿ ਉਹ ਹੁਣ ਦੇਸ਼ ਲਈ ਚੰਗੇ ਨਹੀਂ ਹਨ।

# ਪੰਜਾਬੀ ਕੁੜੀਆਂ ਨੇ ਛੂਹੀਆਂ ਬੁਲੰਦੀਆਂ, ਦੋ ਧੀਆਂ ਭਾਰਤੀ ਹਵਾਈ ਫ਼ੌਜ ਵਿੱਚ ਅਫ਼ਸਰ ਬਣੀਆਂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼, ਐਸ.ਏ.ਐਸ. ਨਗਰ (ਮੋਹਾਲੀ) ਨੇ ਇੱਕ ਵਾਰ ਫੇਰ ਸਫ਼ਲਤਾ ਦੇ ਝੰਡੇ ਗੱਡੇ ਹਨ। ਇਸ ਵੱਕਾਰੀ ਸੰਸਥਾ ਦੀਆਂ ਦੋ ਕੈਡਿਟ ਹਰੂਪ ਕੌਰ ਅਤੇ ਨਿਵੇਦਿਤਾ ਸੈਣੀ ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਤੋਂ ਸਫ਼ਲਤਾਪੂਰਵਕ ਪਾਸ ਹੋਣ ਉਪਰੰਤ ਅੱਜ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫ਼ਸਰ ਵਜੋਂ ਸ਼ਾਮਲ ਹੋ ਗਈਆਂ ਹਨ। ਪਾਸਿੰਗ ਆਊਟ ਪਰੇਡ ਦਾ ਨਿਰੀਖਣ ਚੀਫ਼ ਆਫ਼ ਏਅਰ ਸਟਾਫ, ਏਅਰ ਚੀਫ਼ ਮਾਰਸ਼ਲ ਵਿਵੇਕ ਰਾਮ ਚੌਧਰੀ, ਪੀ.ਵੀ.ਐਸ.ਐਮ, ਏ.ਵੀ.ਐਸ.ਐਮ, ਵੀ.ਐਮ, ਏ.ਡੀ.ਸੀ. ਵੱਲੋਂ ਕੀਤਾ ਗਿਆ।

ਪੰਜਾਬ ਪੁਲਿਸ, ਐਸ.ਏ.ਐਸ.ਨਗਰ (ਮੋਹਾਲੀ) ਜ਼ਿਲ੍ਹੇ ਵਿੱਚ ਤੈਨਾਤ ਹੈੱਡ ਕਾਂਸਟੇਬਲ ਭਗਵੰਤ ਸਿੰਘ ਦੀ ਧੀ ਫਲਾਇੰਗ ਅਫ਼ਸਰ ਹਰੂਪ ਕੌਰ ਐਜੂਕੇਸ਼ਨ ਬ੍ਰਾਂਚ ਵਿੱਚ ਸ਼ਾਮਲ ਹੋਵੇਗੀ।

ਪਠਾਨਕੋਟ ਜ਼ਿਲ੍ਹੇ ਦੀ ਰਹਿਣ ਵਾਲੀ ਫਲਾਇੰਗ ਅਫ਼ਸਰ ਨਿਵੇਦਿਤਾ ਸੈਣੀ ਦੇ ਪਿਤਾ ਹਰਿੰਦਰ ਸਿੰਘ ਸੈਣੀ ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ (ਡੀ.ਆਈ.ਈ.ਟੀ.) ਵਿੱਚ ਪ੍ਰਿੰਸੀਪਲ ਹਨ ਅਤੇ ਨਿਵੇਦਿਤਾ ਹਵਾਈ ਸੈਨਾ ਦੀ ਲਾਜਿਸਟਿਕ ਬ੍ਰਾਂਚ ਵਿਚ ਸ਼ਾਮਲ





ਹੋਵੇਗੀ। ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਦੋਵੇਂ ਕੈਡਿਟਾਂ ਨੂੰ ਉਨ੍ਹਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਫ਼ਲਤਾ ਯਕੀਨੀ ਤੌਰ 'ਤੇ ਪੰਜਾਬ ਦੀਆਂ ਹੋਰ ਧੀਆਂ ਨੂੰ ਵੀ ਰੱਖਿਆ ਸੇਵਾਵਾਂ ਵਿੱਚ ਕਰੀਅਰ ਬਣਾਉਣ ਦੇ ਮੌਕੇ ਤਲਾਸ਼ਣ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਕਮਿਸ਼ਨਡ ਅਫਸਰਾਂ ਵਜੋਂ ਰੱਖਿਆ ਸੇਵਾਵਾਂ ਵਿੱਚ ਸ਼ਾਮਲ ਹੋਣ ਦੀਆਂ ਚਾਹਵਾਨ ਸੂਬੇ ਦੀਆਂ ਧੀਆਂ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਪੰਜਾਬ ਸਰਕਾਰ ਨੇ ਜੁਲਾਈ 2023 ਵਿੱਚ ਮਾਈ ਭਾਗੋ ਏ.ਐਫ.ਪੀ.ਆਈ. ਵਿਖੇ ਲੜਕੀਆਂ ਲਈ ਐਨ.ਡੀ.ਏ. ਪ੍ਰੈਪਰੇਟਰੀ ਵਿੰਗ ਦੀ ਸਥਾਪਨਾ ਕੀਤੀ ਸੀ। ਇਸ ਸਮੇਂ ਇਥੇ ਦੂਜੇ ਬੈਚ ਦੀ ਸਿਖਲਾਈ ਚੱਲ ਰਹੀ ਹੈ।ਜ਼ਿਕਰਯੋਗ ਹੈ ਕਿ ਮਾਈ ਭਾਗੋ ਇੰਸਟੀਚਿਊਟ, ਪੰਜਾਬ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਅਧੀਨ ਕੰਮ ਕਰ ਰਿਹਾ ਹੈ। ਇਸ ਸੰਸਥਾ ਕੋਲ ਅਤਿ-ਆਧੁਨਿਕ ਬੁਨਿਆਦੀ ਢਾਂਚੇ ਦੇ ਨਾਲ-ਨਾਲ ਰਿਹਾਇਸ਼ੀ ਕੈਂਪਸ ਮੌਜੂਦ ਹੈ ਅਤੇ ਇਹ ਦੇਸ਼ ਦੀ ਆਪਣੀ ਕਿਸਮ ਦੀ ਇੱਕੋ-ਇੱਕ ਸੰਸਥਾ ਹੈ।ਮਾਈ ਭਾਗੋ ਏ.ਐਫ.ਪੀ.ਆਈ. ਦੇ ਡਾਇਰੈਕਟਰ ਮੇਜਰ ਜਨਰਲ ਜਸਬੀਰ ਸਿੰਘ ਸੰਧੂ, ਏ.ਵੀ.ਐਸ.ਐਮ (ਸੇਵਾ-ਮੁਕਤ) ਨੇ ਦੋਵੇਂ ਕੈਡਿਟਾਂ ਨੂੰ ਫਲਾਇੰਗ ਅਫ਼ਸਰ ਵਜੋਂ ਕਮਿਸ਼ਨਡ ਹੋਣ 'ਤੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਹ ਪ੍ਰਾਪਤੀ ਸੂਬਾ ਸਰਕਾਰ ਵੱਲੋਂ ਹੋਰ ਲੜਕੀਆਂ ਨੂੰ ਵੱਖ-ਵੱਖ ਹਥਿਆਰਬੰਦ ਸੈਨਾਵਾਂ ਦੀਆਂ ਪ੍ਰੀ-ਕਮਿਸ਼ਨ ਸਿਖਲਾਈ ਅਕੈਡਮੀਆਂ ਵਿੱਚ ਭੇਜਣ ਦੇ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਹੁਲਾਰਾ ਦੇਵੇਗੀ। ਉਨ੍ਹਾਂ ਨੇ ਨਵੇਂ ਕਮਿਸ਼ਨਡ ਅਫ਼ਸਰਾਂ ਨੂੰ ਭਾਰਤੀ ਹਵਾਈ ਸੈਨਾ ਵਿੱਚ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ।

# ਪ੍ਰਵਾਸੀ ਭਾਰਤੀਆਂ ਦੇ ਹਿੱਤਾਂ ਦੀ ਰੱਖਿਆ ਕੀਤੀ ਜਾਵੇਗੀ- ਧਾਲੀਵਾਲ

## ਹਿਮਾਚਲ ਸਰਕਾਰ ਕੋਲ ਉਠਾਇਆ ਪਰਵਾਸੀ ਭਾਰਤੀ ਉੱਤੇ ਹੋਏ ਹਮਲੇ ਦਾ ਮੁੱਦਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਹਿਮਾਚਲ ਪ੍ਰਦੇਸ਼ ਵਿੱਚ ਪਰਵਾਸੀ ਭਾਰਤੀ ਜੋੜੇ ਉੱਪਰ ਹੋਏ ਹਮਲੇ ਦੀ ਨਿੰਦਾ ਕਰਦੇ ਕਿਹਾ ਕਿ ਪਰਵਾਸੀਆਂ ਦੇ ਹਿੱਤਾਂ ਦੀ ਰੱਖਿਆ ਅਤੇ ਉਨ੍ਹਾਂ ਦੀ ਸੁਰੱਖਿਆ ਕਰਨਾ ਸਾਡਾ ਮੁੱਢਲਾ ਫਰਜ ਹੈ ਅਤੇ ਰਾਜ ਜਾਂ ਰਾਜ ਤੋਂ ਬਾਹਰ ਹੁੰਦੀ ਅਜਿਹੀ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨਾਂ ਕਿਹਾ ਕਿ ਮੈਂ ਇਸ ਬਾਬਤ ਡੀ ਜੀ ਪੀ ਪੰਜਾਬ ਨੂੰ ਹਿਮਾਚਲ ਪੁਲਿਸ ਨਾਲ ਗੱਲ ਕਰਕੇ ਸਖ਼ਤ ਕਾਰਵਾਈ ਕਰਵਾਉਣ ਦੀ ਹਦਾਇਤ ਕੀਤੀ ਹੈ ਤਾਂ ਜੋ ਪਰਿਵਾਰ ਨੂੰ ਨਿਆਂ ਦਿਵਾਇਆ ਜਾ ਸਕੇ।

ਧਾਲੀਵਾਲ ਨੇ ਕਿਹਾ ਕਿ ਸਾਡੇ ਪਰਵਾਸੀ ਪੰਜਾਬੀ ਸਾਡੇ ਰਾਜ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹਨ ਅਤੇ ਉਨਾਂ ਵੱਲੋਂ ਹਰ ਖੇਤਰ ਵਿੱਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ, ਚਾਹੇ ਉਹ ਪਿੰਡਾਂ ਦੇ ਵਿਕਾਸ ਦਾ ਮੁੱਦਾ ਹੋਵੇ ਜਾਂ ਸਮਾਜ ਸੇਵਾ ਦਾ ਹਰ ਥਾਂ ਪਰਵਾਸੀ ਅੱਗੇ ਹੋ ਕੇ ਕੰਮ ਕਰਦੇ ਹਨ। ਉਨਾਂ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਬਿਨਾ ਕਿਸੇ ਡਰ ਭੈਅ ਦੇ ਆਪਣੇ ਘਰ, ਪਰਿਵਾਰ ਵਿੱਚ ਆਉਣ, ਸਰਕਾਰ ਤੁਹਾਡੇ ਨਾਲ ਹਰ ਵੇਲੇ ਖੜੀ ਹੈ। ਉਨਾਂ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਕਿਸੇ ਵੀ ਲੋੜ ਜਾਂ ਸਮੱਸਿਆ ਵੇਲੇ ਮੇਰੇ ਨਾਲ ਰਾਬਤਾ ਕਰ ਸਕਦੇ ਹਨ।




ARCPOINT LABS
OF MANTECA
Accurate, Reliable, Confidential Testing.
ਸਾਡੀਆਂ ਸੇਵਾਵਾਂ :
DOT ਦੇ Drug ਤੇ Alcohal Testing
Pre- Employment Testing | Physicals
Hair & Nail Testing |Immigration DNA
Paternity & Relationship DNA
Health Checkups ਜਿਵੇਂ :
Cholestrol Test
Heart Health
Thyroid Test
Diabetes Test
Food Allergy
Vitamin & Nutrient Test
ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ
BOY? or GIRL?
ਵਧੇਰੇ ਜਾਣਕਾਰੀ ਲਈ ਕਾਲ ਕਰੋ :
(209) 629-8282 | (209) 505-6384
Address : 119. Maple AVe, Suite A Manteca, CA 95336

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

**2955 N. Wilson Way Stockton , CA 95205**

ਸ਼ਹੀਦੋਂ ਕੀ ਚਿਤਾਓਂ ਪੇ ਲਗੇਂਗੇ ਹਰ ਬਰਸ ਮੇਲੇ | ਵਤਨ ਪੇ ਮਿਟਣੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ ||







ਸ਼ਹੀਦਾਂ ਦੇ ਸਰਤਾਜ ਸ਼ਹੀਦ ਸ਼੍ਰੀ ਗੁਰੂ ਅਰਜਨ ਦੇਵ ਜੀ
ਸ਼ਹੀਦ ਬਾਬਾ ਨਿਹਾਲ ਸਿੰਘ ਜੀ ਤੇ ਸ਼ਹੀਦ ਬਾਬਾ ਹਰਨਾਮ ਸਿੰਘ ਜੀ ਤੱਲਣ ਵਾਲਿਆਂ ਦਾ

## ਸ਼ਹੀਦੀ ਜੋੜ ਮੇਲਾ ਬੜੇ ਹੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ|

ਮੁਡਿਸਟੋ ਸੀਰੀਜ਼ ਗੁਰਦਵਾਰਾ ਸਾਹਿਬ ਵਿਖੇ ਤੱਲਣ ਇਲਾਕੇ ਦੀ ਤੇ ਮੁਡਿਸਟੋ ਸੀਰੀਜ਼ ਇਲਾਕੇ ਦੀ ਸੰਗਤ ਵੱਲੋਂ

**2 ਅਖੰਡ ਪਾਠ ਸਾਹਿਬ ਦੀ ਅਰੰਭਤਾ**
**14 ਜੂਨ, 2024 ਦਿਨ ਸ਼ੁੱਕਰਵਾਰ**

**ਭੋਗ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ**
**16 ਜੂਨ, 2024 ਦਿਨ ਐਤਵਾਰ**

**12 ਜੂਨ,2024 ਤੋਂ 15 ਜੂਨ, 2024 ਤੱਕ**
**ਰੋਜ਼ਾਨਾ ਸ਼ਾਮ 6 ਵਜੇ ਤੋਂ 8:30 ਵਜੇ ਤੱਕ ਕਥਾ- ਕੀਰਤਨ ਤੇ ਦੀਵਾਨ**
**ਭਾਈ ਮਨਜੀਤ ਸਿੰਘ ਜੀ ਅਤੇ ਭਾਈ ਅਮਰਜੀਤ ਸਿੰਘ ਜੀ ਵੱਲੋਂ**





**16 ਜੂਨ,2024 ਨੂੰ ਭੋਗ ਉਪਰੰਤ ਗੁਰੂ ਘਰ ਦੇ**
**ਹਜ਼ੂਰੀ ਰਾਗੀ ਭਾਈ ਪਿਰਥੀਪਾਲ ਸਿੰਘ ਅਤੇ ਜਥਾ**
**ਅਤੇ ਢਾਡੀ ਜਥਾ ਭਾਈ ਸਰਬਜੀਤ ਸਿੰਘ ਸਾਜਨ**
**ਸੰਗਤਾਂ ਨੂੰ ਢਾਡੀ ਵਾਰਾਂ ਨਾਲ ਨਿਹਾਲ ਕਰਨਗੇ**


Dhadi Jatha Bhai Sarbjit Singh Sajjan

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :- ਜਰਨੈਲ ਸਿੰਘ ਬੈਂਸ: (209) 872-3070**
**ਪਰਮਜੀਤ ਸਿੰਘ ਤੱਲਣ: (209) 702-4649, ਅਸ਼ੋਕ ਵਰਮਾ : (209) 681-5171**

# PAL FILMS & PHOTO BOOKS

*All Your Photo/Videography & Post Production needs Under One Roof*




Music Video | Pre Shoots | Weddings | Birthdays | Graduations
Stage Shows Or Any Kind Of Events | Customize Photobooks (upto 6 feet)
Video Editing VFX/DI/CC & Much More....

*Full Photo & Videography studio with Green Screen Blue Screen*

**PH: 925 489 3400, 341 356 1517**

**Email: palfilms@yahoo.com, palfilms925@gmail.com, www.palfilms.com**

**4007 Railroad Ave
Pittsburgh, CA 94565**

# ਸਿਵਲ ਸਰਜਨ ਨੇ ਸਿਹਤ ਕੇਂਦਰ ਕੌਹਰੀਆਂ ਦੀ ਨਵੀਂ ਬਣ ਰਹੀ ਇਮਾਰਤ ਦੇ ਨਿਰਮਾਣ ਕਾਰਜਾਂ ਦਾ ਲਿਆ ਜਾਇਜ਼ਾ



ਸੰਗਰੂਰ
ਸਾਂਝੀ ਸੋਚ ਬਿਊਰੋ

ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਡਾ. ਕਿਰਪਾਲ ਸਿੰਘ ਨੇ ਕੌਹਰੀਆਂ ਵਿਖੇ ਸੀ.ਐੱਚ.ਸੀ. ਦੀ ਨਵੀਂ ਬਣ ਰਹੀ ਇਮਾਰਤ ਦੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲਿਆ।

ਡਾ. ਕਿਰਪਾਲ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਪ੍ਰਧਾਨਗੀ ਵਿੱਚ ਹੋਈ ਜਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਦੌਰਾਨ ਦਿੱਤੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹੇ ਦੀਆਂ ਵੱਖ ਵੱਖ ਸਿਹਤ ਸੰਸਥਾਵਾਂ 'ਚ ਚੱਲ ਰਹੇ ਨਿਰਮਾਣ ਕਾਰਜਾਂ ਦੀ ਸਮੇਂ ਸਮੇਂ ਸਿਰ ਨਿਗਰਾਨੀ ਕਰਨ ਲਈ ਜਿਲ੍ਹਾ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਸੀ ਐੱਚ ਸੀ ਕੌਹਰੀਆਂ ਤੋਂ ਇਲਾਵਾ ਸਿਵਲ ਹਸਪਤਾਲ ਸੰਗਰੂਰ, ਐੱਸ ਡੀ ਐੱਚ ਧੂਰੀ ਅਤੇ ਪੇਂਡੂ ਹਸਪਤਾਲ ਚੀਮਾ ਦਾ ਨਿਰਮਾਣ ਕਾਰਜ ਵੀ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਲੋਕਾਂ ਨੂੰ ਬਿਹਤਰੀਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੀ ਨੀਤੀ ਤਹਿਤ ਇਨ੍ਹਾਂ ਸਿਹਤ ਕੇਂਦਰਾਂ ਨੂੰ ਨਵੀਨਤਮ ਢੰਗ ਨਾਲ ਬਣਾਇਆ ਜਾ ਰਿਹਾ ਹੈ ਤਾਂ ਜੋ ਮਰੀਜ਼ਾਂ ਨੂੰ ਬਿਹਤਰੀਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣੀਆਂ ਯਕੀਨੀ ਬਣਾਈਆਂ ਜਾ ਸਕਣ। ਉਨ੍ਹਾਂ ਦੱਸਿਆ ਕਿ ਸੰਬੰਧਤ ਸੀਨੀਅਰ ਮੈਡੀਕਲ ਅਫਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਸਮੁੱਚੀ ਨਿਰਮਾਣ ਪ੍ਰਕਿਰਿਆ 'ਤੇ ਨਿਗਰਾਨੀ ਰੱਖਣ।

ਇਸ ਉਪਰੰਤ ਡਾ. ਕਿਰਪਾਲ ਸਿੰਘ ਨੇ ਸਿਹਤ ਕੇਂਦਰ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਕੰਮ-ਕਾਜ ਦੀ ਸਮੀਖਿਆ ਕੀਤੀ। ਉਨ੍ਹਾਂ ਹਦਾਇਤ ਕੀਤੀ ਕਿ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ, ਸਾਰੀਆਂ ਦਵਾਈਆਂ ਸੰਸਥਾ ਦੇ ਅੰਦਰੋਂ ਹੀ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਮਰੀਜ਼ਾਂ ਨਾਲ ਹਮਦਰਦੀ ਵਾਲਾ ਰਵੱਈਆ ਅਪਣਾਇਆ ਜਾਵੇ ਅਤੇ ਨਰਮੀ ਨਾਲ ਪੇਸ਼ ਆਇਆ ਜਾਵੇ।

# ਸਿਹਤ ਕੇਂਦਰ ਕੌਹਰੀਆਂ ਵਿਖੇ 'ਵਿਸ਼ਵ ਖ਼ੂਨਦਾਨੀ ਦਿਵਸ' ਮਨਾਇਆ

ਸੰਗਰੂਰ
ਸਾਂਝੀ ਸੋਚ ਬਿਊਰੋ



ਸਿਵਲ ਸਰਜਨ ਡਾ. ਕਿਰਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਕਰਮਜੀਤ ਸਿੰਘ ਐਕਸ ਪੀ ਸੀ ਐੱਸ ਦੀ ਯੋਗ ਰਹਿਨੁਮਾਈ ਹੇਠ ਪੀ ਐੱਚ ਸੀ ਕੌਹਰੀਆਂ ਵਿਖੇ 'ਵਿਸ਼ਵ ਖ਼ੂਨਦਾਨੀ ਦਿਵਸ' ਮਨਾਇਆ ਗਿਆ।ਡਾ. ਕਰਮਜੀਤ ਸਿੰਘ ਨੇ ਸਿਹਤਮੰਦ ਲੋਕਾਂ ਨੂੰ ਖ਼ੂਨਦਾਨ ਕਰਕੇ ਲੋੜਵੰਦਾਂ ਨੂੰ 'ਜ਼ਿੰਦਗੀ ਦਾ ਅਨਮੋਲ ਤੋਹਫ਼ਾ' ਦੇਣ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਖ਼ੂਨ ਦੀ ਇਕ-ਇਕ ਬੂੰਦ ਜ਼ਿੰਦਗੀ ਲਈ ਕੀਮਤੀ ਹੈ। ਕਿਸੇ ਹੋਰ ਦੀ ਜ਼ਿੰਦਗੀ ਬਚਾਉਣਾ ਮਾਨਵਤਾ ਪ੍ਰਤੀ ਇੱਕ ਸੇਵਾ ਹੈ। ਹਰ ਸਿਹਤਮੰਦ ਵਿਅਕਤੀ ਜਿਸ ਦੀ ਉਮਰ 18 ਤੋਂ 65 ਸਾਲ ਤੱਕ, ਸਰੀਰ ਦਾ ਭਾਰ 45 ਕਿਲੋਗ੍ਰਾਮ ਜਾਂ ਇਸ ਤੋਂ ਵੱਧ, ਐੱਚਬੀ 12 ਗ੍ਰਾਮ, ਕੋਈ ਕਰੌਨਿਕ ਬਿਮਾਰੀ ਨਾ ਹੋਵੇ, ਖ਼ੂਨਦਾਨ ਕਰ ਸਕਦਾ ਹੈ, ਹਰ 3 ਮਹੀਨੇ ਬਾਅਦ ਖ਼ੂਨਦਾਨ ਕੀਤਾ ਜਾ ਸਕਦਾ ਹੈ ਭਾਵ ਕਿ ਕੋਈ ਵਿਅਕਤੀ ਸਾਲ ਵਿੱਚ ਚਾਰ ਵਾਰੀ ਖ਼ੂਨ ਦੇ ਸਕਦਾ ਹੈ ਅਤੇ ਫਿਰ ਵੀ ਸਿਹਤਮੰਦ ਰਹਿ ਸਕਦਾ ਹੈ।ਉਨ੍ਹਾਂ ਕਿਹਾ ਕਿ ਖ਼ੂਨਦਾਨ ਮਨੁੱਖੀ ਸਰੀਰ ਨੂੰ ਕਈ ਲਾਭ ਪਹੁੰਚਾ ਸਕਦਾ ਹੈ। ਇਹ ਦਿਲ ਦੇ ਦੌਰੇ ਤੋਂ ਬਚਾਉਂਦਾ ਹੈ, ਬੀਪੀ ਕਾਬੂ ਕਰਦਾ ਹੈ, ਕੋਲੈਸਟਰਲ ਦਾ ਪੱਧਰ ਨੀਵਾਂ ਰਹਿੰਦਾ ਹੈ, ਮੋਟਾਪੇ 'ਤੇ ਕਾਬੂ ਰਹਿੰਦਾ ਹੈ। ਸੰਖੇਪ ਵਿੱਚ ਇਹ "ਮਾਨਵ ਸੇਵਾ ਦੇ ਨਾਲ ਖੁਦ ਦੀ ਸਿਹਤ ਦੀ ਸੁਰੱਖਿਆ ਲਈ ਮਹੱਤਵਪੂਰਨ ਹੈ।ਬਲਾਕ ਐਜੂਕੇਟਰ ਨਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਖ਼ੂਨਦਾਨ ਦੀ ਲਗਾਤਾਰ ਲੋੜ ਹੈ। ਦਾਨ ਕੀਤੇ ਗਏ ਖ਼ੂਨ ਨਾਲ ਕਿਸੇ ਵੀ ਵਿਅਕਤੀ ਨੂੰ ਇਲਾਜ, ਜਣੇਪੇ, ਜਾਂ ਸੱਟ ਲੱਗਣ 'ਤੇ ਪੈਦਾ ਹੋਈ ਖ਼ੂਨ ਦੀ ਕਮੀ ਨੂੰ ਪੂਰਾ ਕਰ ਸਕਦੀ ਹੈ। ਖ਼ੂਨਦਾਨ ਕਰਨ ਨਾਲ ਕੋਈ ਸਰੀਰਕ ਕਮਜੋਰੀ ਨਹੀਂ ਆਉਂਦੀ, ਬਲਕਿ 24 ਘੰਟੇ ਤੋਂ 7 ਦਿਨ ਦੇ ਅੰਦਰ-ਅੰਦਰ ਕੁਦਰਤੀ ਰੂਪ ਨਾਲ ਸਰੀਰ ਵਿੱਚ ਨਵਾਂ ਖ਼ੂਨ ਬਣ ਜਾਂਦਾ ਹੈ। ਖ਼ੂਨਦਾਨ ਕਰਨਾ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ, ਕਿਉਂਕਿ ਖ਼ੂਨਦਾਨ ਮਹਾਂਦਾਨ ਹੈ ਅਤੇ ਖ਼ੂਨਦਾਨ ਕਰਨ ਨਾਲ ਕਈ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਖ਼ੂਨ ਦੀ ਇੱਕ ਇੱਕ ਬੂੰਦ ਕੀਮਤੀ ਹੈ ਜੋ ਕਿਸੇ ਵੀ ਮਰਦੇ ਹੋਏ ਵਿਆਕਤੀ ਨੂੰ ਜੀਵਨਦਾਨ ਦੇ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਿਸੇ ਵੀ ਤਰ੍ਹਾਂ ਦੀ ਕਮਜ਼ੋਰੀ ਨਹੀਂ ਆਉਂਦੀ, ਬਲਕਿ ਮਨ ਨੂੰ ਇੱਕ ਸੰਤੁਸ਼ਟੀ ਮਿਲਦੀ ਹੈ ਕਿ ਅਸੀਂ ਇਹ ਦਾਨ ਕਰਕੇ ਇਕ ਲੋੜਵੰਦ ਵਿਅਕਤੀ ਨੂੰ ਜੀਵਨ ਪ੍ਰਦਾਨ ਕੀਤਾ ਹੈ।

ਇਸ ਮੌਕੇ ਰਾਮਫ਼ਲ ਸਿੰਘ ਐੱਮ ਐੱਲ ਟੀ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ, ਦਲਜੀਤ ਸਿੰਘ,ਵੀਰ ਸਿੰਘ, ਗੁਰਿੰਦਰਪਾਲ ਸਿੰਘ ਆਦਿ ਹਾਜ਼ਰ ਸਨ।







ਅਵਲਿ ਅਲਹ ਨੂਰੁ ਉਪਾਇਆ
ਕੁਦਰਤ ਕੇ ਸਭ ਬੰਦੇ । ।
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ। ।੧॥
ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥
ਸਮੁੱਚੀ ਲੋਕਾਈ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ
ਮਹਾਨ ਸੰਤ ਅਤੇ ਕਵੀ ਭਗਤ ਕਬੀਰ ਜੀ ਦੇ ਆਗਮਨ ਪੂਰਬ ਸੰਬੰਧੀ
ਸਰਬੱਤ ਦੇ ਭਲੇ ਲਈ
ਸ੍ਰੀ ਅਖੰਡ ਪਾਠ ਸਾਹਿਬ ਅਤੇ ਕਥਾ -ਕੀਰਤਨ
09,10 ਅਤੇ 11 ਅਗਸਤ ਦਿਨ ਸ਼ੁੱਕਰ, ਸ਼ਨੀ ਅਤੇ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ
ਸੰਗਤ ਤੇ ਸੇਵਾਦਾਰਾਂ ਦੇ ਪਰਿਵਾਰਾਂ ਵੱਲੋਂ ਸੇਵਾ
09 ਅਗਸਤ, 2024
( ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ )
11 ਅਗਸਤ, 2024
( ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ )
ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵੀ ਕੀਰਤਨ ਦੀਵਾਨ ਸੱਜਣਗੇ ਤੇ ਸੰਗਤਾਂ ਨੂੰ ਮਹਾਨ ਕੀਰਤਨੀਆਂ ਤੇ ਰਾਗੀਆਂ ਵੱਲੋਂ ਨਿਹਾਲ ਕੀਤਾ ਜਾਵੇਗਾ ।
ਸੇਵਾਦਾਰ ਪਰਿਵਾਰਾਂ ਵੱਲੋਂ ਸੰਗਤਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ |
ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਪਹੁੰਚੋ ਤੇ ਆਪਣੀਆਂ ਹਾਜ਼ਰੀਆਂ ਲਗਵਾਓ ਜੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :
ਰਮੇਸ਼ ਸੁਮਨ : (925) 366 3618 | ਦਿਲਬਾਗ਼ ਸਿੰਘ (209) 834 4641 | ਵਿਨੋਦ ਕੁਮਾਰ : +1 (408) 718-2506
SRI GURU RAVIDASS TEMPLE: 2150 CRESTVIEW DRIVE, PITTSBURG, CA 94565



# GINNY BEDI LAW PC



Ginny Bedi Attorney

- ★ Immigration
- ★ Divorce
- ★ Custody and Support issues
- ★ Business Disputes
- ★ Living Trusts
- ★ Criminal Matters
- ★ Misdemeanors
- ★ DUI

ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।

**255 N Market St Ste 150 San Jose CA 95110**

**Tel: (408) 800-0242 Fax: (408) 800-0240, Mobile: (408) 802-2501**

**Email: ginny@ginnybedilaw.com Web: www.ginnybedilaw.com**


SAN MARCO TEEYAN BAY POINT
PROUDLY PRESENTS ( NONPROFIT)
7TH ANNUAL WOMENS FESTIWAL
FETURING : GIDHA, DANCE, SKITS, SONGS, LIVE DJ AND MUCH MORE
San marco Teeyan
SINGER
JASPINDER RAINA
HOST
JOT RANJIT
ON SUNDAY JULY 14TH 2024
@MEHRAN BANQUET HALL 12 PM TO 6 PM
3841 RAILROAD AVE, PITTSBURG, CA 94565
REFFEL DRAWING FOR GOLD ITEM
AND MORE PRIZES
PHOTO & VIDEOGRAPHY BY
PAL FILMS
Free Entry
Free Parking
GRAND SPONSOR
CHINNA JEWELERS
FOR MORE INFO & PARTICIPATION CALL
SONIA WALIA
925-565-6058
PARAMJIT NOKWAL
925-323-2523
HARPREET SUTTI
925-465-3414


E-MAIL:SALES@ezeldsolutions.com
EZ ELD SOLUTIONS
LOGBOOKS MADE EASY
TRACK YOUR TRUCK WITH
EZ TRUCK SOLUTION
ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ
ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ
FMCSA Complaint & Affordable
The Power of telematics in the palm of your hand
Compliance | Asset Tracking | Management
$100 HARDWARE
ONE-TIME FEE
PT30
$20 MONTHLY
SUBSCRIPTION
CRITICAL ENGINE DATA
Maintanence Entry
Tracking
Tire Pressure
Diagnostics
Refer temp.
24/7 TECHNICAL SUPPORT IN
ENGLISH,SPANISH AND PUNJABI.
CALL NOW +1 (800) 556-7105
Official Address : 2301 W Belmont ave, Fresno, CA 93727



ਬਰਜਿੰਦਰ ਕੌਰ ਬਿਸਰਾਓ
99889-01324

# ਪਿਤਾ ਦਿਵਸ ਦੀ ਮਹਾਨਤਾ

ਪਿਤਾ ਦਿਵਸ ਆਮ ਤੌਰ 'ਤੇ ਹਰ ਸਾਲ ਜੂਨ ਮਹੀਨੇ ਦੇ ਤੀਸਰੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਦੀ ਮਹੱਤਤਾ ਹਰ ਇੱਕ ਦੇ ਜੀਵਨ ਵਿਚ ਸਭ ਤੋਂ ਮਹੱਤਵਪੂਰਣ ਹੈ। ਇੱਕ ਪਿਤਾ ਉਹ ਵਿਅਕਤੀ ਹੁੰਦਾ ਹੈ ਜੋ ਹਮੇਸ਼ਾ ਆਪਣੇ ਬੱਚਿਆਂ ਲਈ ਹਰ ਜਗ੍ਹਾ ਡਟ ਕੇ ਖੜ੍ਹਾ ਦਿਖਾਈ ਦਿੰਦਾ ਹੈ।ਕਦੇ ਜ਼ਿੰਦਗੀ ਵਿੱਚ ਜਦੋਂ ਬੱਚਾ ਕੁਝ ਡਾਵਾਂਡੋਲ ਹੋ ਪਿੱਛੇ ਮੁੜਨ ਲੱਗੇ ਤਾਂ ਉਹ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਤਿਆਰ ਬਰ ਤਿਆਰ ਹੁੰਦਾ ਹੈ। ਪਿਤਾ ਆਪਣੇ ਬੱਚਿਆਂ ਦੀਆਂ ਸਾਰੀਆਂ ਜ਼ਰੂਰਤਾਂ ਦਾ ਧਿਆਨ ਰੱਖਦਾ ਹੈ ਅਤੇ ਉਸਨੂੰ ਸਾਰੀ ਉਮਰ ਹੌਂਸਲਾ ਦਿੰਦਾ ਹੈ। ਪਿਤਾ ਪਰਿਵਾਰ ਦੀ ਤਾਕਤ ਦਾ ਉਹ ਥੰਮ੍ਹ ਹੁੰਦਾ ਹੈ ਜੋ ਜ਼ਿੰਦਗੀ ਦੇ ਸਾਰੇ ਖੁਸ਼ਹਾਲ ਅਤੇ ਚੁਣੌਤੀਪੂਰਣ ਪਲਾਂ ਵਿੱਚ ਵੀ ਪਰਿਵਾਰ ਨੂੰ ਇਕਜੁੱਟ ਰੱਖਣ ਦੀ ਕੋਸ਼ਿਸ਼ ਵਿੱਚ ਲੱਗਿਆ ਰਹਿੰਦਾ ਹੈ।ਮਾਂ ਬਾਪ ਇੱਕ ਗੱਡੀ ਦੇ ਦੋ ਪਹੀਏ ਹੁੰਦੇ ਹਨ ਜੋ ਗ੍ਰਹਿਸਥ ਰੂਪੀ ਗੱਡੀ ਨੂੰ ਅੱਗੇ ਤੋਰਦਿਆਂ ਹੋਇਆਂ ਵਧਦੇ ਜਾਂਦੇ ਹਨ। ਬੱਚਿਆਂ ਦੀ ਜ਼ਿੰਦਗੀ ਵਿੱਚ ਦੋਵਾਂ ਦੀ ਮੌਜੂਦਗੀ ਬਰਾਬਰ ਦੀ ਅਹਿਮੀਅਤ ਰੱਖਦੀ ਹੈ।ਜੇ ਮਾਂ ਨੂੰ ਠੰਢੀ ਛਾਂ ਕਿਹਾ ਜਾਂਦਾ ਹੈ ਤਾਂ ਪਿਤਾ ਦੀ ਤੁਲਨਾ ਵੀ ਬੋਹੜ ਦੇ ਰੁੱਖ ਨਾਲ ਕੀਤੀ ਗਈ ਹੈ। ਪਿਤਾ ਦਾ ਲਾਡ ,ਉਸ ਦੁਆਰਾ ਦਿੱਤਾ ਪਿਆਰ ਅਤੇ ਉਤਸ਼ਾਹ ਬੱਚੇ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਦਾ ਵਲ ਸਿਖਾਉਂਦਾ ਹੈ। ਜਦੋਂ ਬੱਚਾ ਆਪਣੇ ਪਿਤਾ ਦੀ ਉਂਗਲੀ ਫੜ ਕੇ ਤੁਰਨਾ ਸਿੱਖਦਾ ਹੈ ਤਾਂ ਪਿਤਾ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਪਿਤਾ ਦੇ ਦਬਕੇ ਵਿੱਚ ਵੀ ਪਿਆਰ ਦੀ ਖ਼ੁਸ਼ਬੂ ਭਰੀ ਹੁੰਦੀ ਹੈ ਜੋ ਉਸ ਨੂੰ ਜ਼ਿੰਦਗੀ ਦੀਆਂ ਮੁਸੀਬਤਾਂ ਨਾਲ ਦੋ ਹੱਥ ਕਰਨ ਦੇ ਸਮਰੱਥ ਬਣਾਉਂਦੀ ਹੈ।ਜ਼ਿੰਦਗੀ ਦੀਆਂ ਜੋ ਮੌਜ-ਬਹਾਰਾਂ, ਬੇਫ਼ਿਕਰੀਆਂ ਅਤੇ ਬੇਪਰਵਾਹੀਆਂ ਭਰੀ ਜ਼ਿੰਦਗੀ ਦੇ ਪਲ ਬੱਚਾ ਆਪਣੇ ਪਿਤਾ ਦੇ ਸਿਰ ਤੇ ਗੁਜ਼ਾਰ ਲੈਂਦਾ ਹੈ, ਉਹ ਮੌਜ ਬਹਾਰਾਂ ਮੁੜ ਕੇ ਨਹੀਂ ਮਿਲਦੀਆਂ । ਇੱਕ ਕਹਾਵਤ ਹੈ,"ਬਾਪੂ ਬਾਪੂ ਕਹਿੰਦੇ ਸੀ,ਬੜੇ ਸੌਖੇ ਰਹਿੰਦੇ ਸੀ।"ਗੱਲ ਵੀ ਠੀਕ ਹੈ ਪਿਤਾ ਇੱਕ ਖ਼ਜ਼ਾਨੇ ਵਾਂਗ ਹੁੰਦਾ ਹੈ,ਬੱਚੇ ਨੂੰ ਜਿਹੜੀ ਚੀਜ਼ ਦੀ ਲੋੜ ਹੁੰਦੀ ਹੈ ਉਸ ਕੋਲ ਮੰਗਿਆਂ ਝੱਟ ਮਿਲ਼ ਜਾਂਦੀ ਹੈ।ਪਿਤਾ ਕੋਈ ਯਾਦ ਰੱਖਣ ਵਾਲੀ ਚੀਜ਼ ਨਹੀਂ, ਜਿਸ ਲਈ ਕੋਈ ਇੱਕ ਦਿਨ ਨਿਸ਼ਚਤ ਕਰਕੇ ਸਿਰਫ ਉਸੇ ਦਿਨ ਹੀ ਯਾਦ ਕੀਤਾ ਜਾਵੇ, ਉਹ ਤਾਂ ਬੱਚੇ ਦੀ ਰਗ ਰਗ ਵਿੱਚ ਵਸਦਾ ਹੈ।

ਇਹ ਦਿਨ ਉਨ੍ਹਾਂ ਬੱਚਿਆਂ ਲਈ ਖਾਸ ਮਹੱਤਤਾ ਰੱਖਦਾ ਹੈ, ਜਿਹੜੇ ਅਧੁਨਿਕਤਾ ਅਤੇ ਪੈਸੇ ਦੀ ਹੋੜ ਵਿੱਚ ਕਿਸੇ ਹੋਰ ਹੀ ਚਮ ਚਮ ਕਰਦੀ ਨਵੀਂ ਦੁਨੀਆਂ ਦੇ ਰਾਹੀਂ ਚੜ੍ਹ ਗਏ ਹਨ। ਜਿਹਨਾਂ ਨੂੰ ਮਾਪਿਆਂ ਦੀ ਆਖੀ ਇੱਕ ਗੱਲ ਵੀ ਉਹਨਾਂ ਦੇ ਕੰਨਾਂ ਨੂੰ ਜ਼ਹਿਰ ਲੱਗਦੀ ਹੈ,ਇਹੋ ਜਿਹੇ ਬੱਚੇ ਆਪਣੀ ਝੂਠੀ ਦਿਖਾਵੇ ਦੀ ਦੁਨੀਆਂ ਨੂੰ ਖੁਸ਼ ਕਰਨ ਲਈ ਇਹ ਇੱਕ ਦਿਨ ਦਾ ਵਿਖਾਵਾ ਬਾਖ਼ੂਬੀ ਕਰਦੇ ਹਨ ਤੇ ਆਪਣੇ ਵਰਗੀ ਝੂਠੀ ਦੁਨੀਆ ਤੋਂ ਵਾਹ ਵਾਹ ਸੁਣ ਕੇ ਖੁਸ਼ ਹੁੰਦੇ ਹਨ। ਉਨਾਂ ਨੂੰ ਆਪਣੀਆਂ ਗਲਤ ਫਹਿਮੀਆਂ ਦੂਰ ਕਰਕੇ, ਆਪਣੇ ਪਿਤਾ ਦਾ ਸੱਚੇ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ ।

ਉਹਨਾਂ ਦੀਆਂ ਦੁਆਵਾਂ ਨਾਲ ਆਪਣੀ ਕਿਸਮਤ ਦਾ ਖਜ਼ਾਨਾ ਭਰਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਜੇਕਰ ਅਸੀਂ ਆਪਣੇ ਦਿਲ ਵਿੱਚ ਬਜ਼ੁਰਗਾਂ ਪ੍ਰਤੀ ਸਤਿਕਾਰ ਲੈ ਕੇ ਚੱਲਾਂਗੇ ਤਾਂ ਹਰ ਰੋਜ਼ ਹੀ ‘ਹੈਪੀ ਫਾਦਰਜ਼ ਡੇ’ ਹੋਵੇਗਾ। ਸਾਨੂੰ ਸਿਰਫ ਪਿਤਾ ਦਿਵਸ ’ਤੇ ਹੀ ਨਹੀਂ ਬਲਕਿ ਹਮੇਸ਼ਾ ਹੀ ਪਿਤਾ ਨੂੰ ਮਾਣ ਅਤੇ ਸਤਿਕਾਰ ਦੇਣਾ ਚਾਹੀਦਾ ਹੈ ਕਿਉਂ ਕਿ ਇਹ ਸਾਡੀ ਸੱਭਿਅਤਾ ਦਾ ਇੱਕ ਅਹਿਮ ਪੱਖ ਹੈ। ਅੱਜ ਕੱਲ ਰਿਸ਼ਤੇ ਨਾਤੇ ਫਿੱਕੇ ਪੈ ਰਹੇ ਹਨ। ਮਾਂ-ਬਾਪ ਬਿਰਧ ਆਸ਼ਰਮਾਂ ਵਿੱਚ ਰੁਲ਼ ਰਹੇ ਹਨ। ਜਿਸ ਪਿਤਾ ਨੇ ਆਪਣੇ ਪੁੱਤਰ ਨੂੰ ਉਂਗਲ ਲਾ ਕੇ ਤੁਰਨਾ ਸਿਖਾਇਆ ਹੁੰਦਾ ਹੈ, ਉਹੀ ਪੁੱਤਰ ਬੁਢਾਪੇ ਵਿੱਚ ਉਸਨੂੰ ਆਪਣੇ ਉੱਤੇ ਬੋਝ ਸਮਝਣ ਲੱਗ ਜਾਂਦਾ ਹੈ। ਪਿਤਾ ਦੀ ਖੰਘਣ ਦੀ ਆਵਾਜ਼ ਵੀ ਉਸਦੇ ਮਨ ਅੰਦਰ ਬੇਚੈਨੀ ਪੈਦਾ ਕਰਦੀ ਹੈ। ਬਹੁਤ ਸਾਰੇ ਮਾਪੇ ਅਜਿਹੇ ਹਨ, ਜਿਨ੍ਹਾਂ ਦੇ ਤਿੰਨ ਚਾਰ ਪੁੱਤਰ ਹਨ ਉਹ ਵੀ ਰੁਲ਼ਦੇ ਹਨ ਜਾਂ ਆਪਸ ਵਿੱਚ ਦਿਨ ਵੰਡ ਕੇ ਉਹਨਾਂ ਨੂੰ ਵਾਰੀ ਸਿਰ ਮਜ਼ਬੂਰੀ ਵੱਸ ਆਪਣੇ ਕੋਲ ਰੱਖਦੇ ਹਨ।ਕੀ ਕਦੇ ਸੋਚਿਆ ਹੈ ਕਿ ਮਾਪਿਆਂ ਨੇ ਤਾਂ ਸਾਰੇ ਬੱਚਿਆਂ ਨੂੰ ਇੱਕੋ ਜਿਹਾ ਪਿਆਰ ਦਿੱਤਾ ਸੀ ਫਿਰ ਇਹ ਗੱਲਾਂ ਅੱਜ ਦੀ ਪੀੜ੍ਹੀ ਵਿੱਚ ਕਿਉਂ ਖ਼ਤਮ ਹੋ ਰਹੀਆਂ ਹਨ। ਬੱਚੇ ਮਾਰਡਨ ਜ਼ਿੰਦਗੀ ਜਿਉਣ ਵਿੱਚ ਵਿਸ਼ਵਾਸ ਕਰਨ ਲੱਗ ਗਏ ਹਨ। ਉਨ੍ਹਾਂ ਵਿੱਚ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਬਹੁਤ ਘਟ ਗਈ ਹੈ। ਆਖ਼ਰ ਵਿੱਚ ਤਾਂ ਸਿੱਟਾ ਇਹੀ ਨਿਕਲਦਾ ਹੈ ਕਿ ਕੋਈ ਵੀ ਰਿਸ਼ਤੇ ਨਾਲ ਜੁੜਿਆ ਹੋਇਆ ਤਿਉਹਾਰ ਉਹ ਇੱਕ ਦਿਨ ਦਾ ਤਿਉਹਾਰ ਨਹੀਂ ਬਲਕਿ ਉਸ ਦਿਨ ਖਾਸ ਤੌਰ ਤੇ ਪ੍ਰਣ ਲੈਣ ਦੀ ਲੋੜ ਹੁੰਦੀ ਹੈਆਪਣੇ ਵੱਡਿਆਂ ਨੂੰ ਉਹਨਾਂ ਦੀ ਤੁਹਾਡੀ ਜ਼ਿੰਦਗੀ ਵਿੱਚ ਖ਼ਾਸ ਅਹਿਮੀਅਤ ਦਿਵਾਉਣ ਦੀ ਹੁੰਦੀ ਹੈ। ਪਿਤਾ ਦਿਵਸ ਮੌਕੇ ਪ੍ਰਣ ਕਰਨਾ ਚਾਹੀਦਾ ਹੈ ਕਿ ਆਪਣੇ ਪਿਤਾ ਦਾ ਸਤਿਕਾਰ ਤੇ ਸਨਮਾਨ ਸੱਚੇ ਦਿਲੋਂ ਹਰ ਰੋਜ਼ ਕਰਨਾ ਚਾਹੀਦਾ ਹੈ ਨਾ ਕਿ ਇਸ ਦਾ ਮਕਸਦ ਇੱਕ ਦਿਨ ਲਈ ਹੈਪੀ ਫਾਦਰਜ਼ ਡੇ ਕਹਿ ਕੇ ਫੇਸਬੁੱਕ ਤੇ ਦੋਸਤਾਂ ਮਿੱਤਰਾਂ ਤੋਂ ਆਪਣੀ ਵਾਹ ਵਾਹ ਕਰਵਾਉਣਾ ਹੋਵੇ।







SAI JEWELERS
Making Every Occassion Beautiful
30 ਸਾਲ ਤੋਂ ਵੱਧ ਦਾ ਤਜ਼ਰਬਾ | 3 ਪੀੜ੍ਹੀਆਂ ਤੋਂ ਕਰ ਰਹੇ ਗਹਿਣਿਆਂ ਦਾ ਕੰਮ
ਹਰ ਤਰ੍ਹਾਂ ਦੇ ਸੋਨੇ ਤੇ ਚਾਂਦੀ ਦੇ ਮਨਪਸੰਦ ਗਹਿਣੇ ਖ਼ਰੀਦੋ
ਗਹਿਣੇ ਪਾਲਿਸ਼ ਜਾਂ Repair ਕਰਵਾਓ
Exchange & Trade of Jewellery Available
ਸਾਡੇ ਕੋਲ Gold ਤੇ Silver ਦੇ ਸਿੱਕੇ ਵੀ ਮਿਲਦੇ ਹਨ
Diamond Jewellery ਵਿਚ ਵੀ ਕਰਦੇ ਹਾਂ DEAL
ਤੁਸੀਂ ਸਾਡੇ ਕੋਲੋਂ ਗਹਿਣੇ Exchange ਵੀ ਕਰਵਾ ਸਕਦੇ ਹੋ
(ਅਸੀਂ ਪੁਰਾਣੇ ਗਹਿਣੇ ਲੈਕੇ ਨਵੇਂ ਗਹਿਣੇ ਦਿੰਦੇ ਹਾਂ )
Open : Tuesday -Sunday |11:00 AM- 6:00 PM
Monday Available -By Call -ON APPPOINTMENTS
Visit our Store to Explore New Designs
ਵਧੇਰੇ ਜਾਣਕਾਰੀ ਲਈ ਕਾਲ ਕਰੋ :
ਧਰਮ ਚੌਹਾਨ -(209) 678-6600 | ਸਟੋਰ ਨੰਬਰ -(209) 408-8553
ADDRESS : 2900, Standiford Ave Ste, 16 B Modesto CA 95350


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# Now Open New Banquet Hall in Sacramento

*For more info: Contact Paul : (916)334-6000*




# SONNY DHALIWAL

## for SUPERVISOR

**EXPERIENCED LEADERSHIP YOU CAN TRUST**

Paid for by Sonny Dhaliwal for County Supervisor 2024 FPPC#1459023



SANJHI SOCH
ਬਘੇਲ ਸਿੰਘ ਧਾਲੀਵਾਲ
99142-58142

# ਮੌਸਮੀ ਪੰਛੀ ਬਨਾਮ ਮੌਸਮੀ ਨੇਤਾ

ਕੂੰਜਾਂ ਅਤੇ ਕੋਇਲਾਂ ਅਜਿਹੇ ਪਰਵਾਸੀ ਪੰਛੀ ਹਨ,ਜਿਹੜੇ ਸਾਰਾ ਸਾਲ ਗਾਇਬ ਰਹਿੰਦੇ ਹਨ ਅਤੇ ਖਾਸ ਰੁੱਤਾਂ ਵਿੱਚ ਹੀ ਇੱਧਰ ਚੋਗਾ ਚੁਗਣ ਆਉਂਦੇ ਹਨ। ਜਦੋਂ ਰੁੱਤਾਂ ਗਈਆਂ, ਤਾਂ ਇਹ ਪੰਛੀ ਵੀ ਕਿਧਰੇ ਦਿਖਾਈ ਨਹੀ ਦਿੰਦੇ, ਜਾਣੀ ਕਿ ਰੁੱਤ ਖਤਮ ਹੁੰਦਿਆਂ ਹੀ ਫਿਰ ਵਾਪਸ ਆਪਣੇ ਵਤਨਾਂ ਨੂੰ ਉਡਾਰੀ ਮਾਰ ਜਾਂਦੇ ਹਨ। ਰਾਜਨੀਤੀ ਵਿੱਚ ਵੀ ਕੁੱਝ ਇਸ ਤਰ੍ਹਾਂ ਦੇ ਪੰਛੀਆਂ ਵਰਗੇ ਕਿਰਦਾਰ ਹੁੰਦੇ ਹਨ, ਜਿਹੜੇ ਮੌਸਮ ਦੇ ਹਿਸਾਬ ਨਾਲ ਹੀ ਬਾਹਰ ਨਿਕਲਦੇ ਹਨ, ਪਰ ਜਦੋਂ ਬਾਹਰ ਆਕੇ ਬੋਲਦੇ ਹਨ, ਤਾਂ ਇੰਜ ਜਾਪਦਾ ਹੈ ਜਿਵੇਂ ਸਾਰੇ ਪੰਜਾਬ ਦੀ ਫਿਕਰਮੰਦੀ ਇਨ੍ਹਾਂ ਨੂੰ ਹੀ ਹੋਵੇ। ਜੁਬਾਨ ਐਨੀ ਮਿੱਠੀ ਕਿ ਕੋਇਲਾਂ ਨੂੰ ਮਾਤ ਪਾਉਂਦੇ ਜਾਪਦੇ ਹਨ, ਪਰ ਕਈ ਵਾਰ ਅਜਿਹੇ ਨੇਤਾਵਾਂ ਦਾ ਭਾਸ਼ਨ ਸੁਣ ਸੁਣ ਕੇ ਸਰੋਤਿਆਂ ਨੂੰ ਸ਼ਰਮ ਵੀ ਮਹਿਸੂਸ ਹੋਣ ਲੱਗ ਜਾਂਦੀ ਹੈ, ਪਰ ਇਨ੍ਹਾਂ ਦੇ ਨੇੜੇ ਤੇੜੇ ਵੀ ਨਹੀ ਹੁੰਦੀ, ਕਿਉਕਿ ਠਆੂਰਤ ਬਿਗੜ ਕੇ ਬਣੇ ਪੰਚਾਇਤ ਮੈਂਬਰ, ਬੰਦਾ ਵਿਗੜ ਕੇ ਬਣੇ ਵਜੀਰ ਮੀਆਂ ਵਾਲਾ ਲੋਕ ਤੱਥ ਅਜਿਹੇ ਸਿਆਸਤਦਾਨਾਂ ਤੇ ਹੀ ਤਾਂ ਢੁੱਕਦਾ ਹੈ, ਜਿਹੜੇ ਆਮ ਲੋਕਾਂ ਨੂੰ ਬੰਦੇ ਨਹੀ ਸਗੋ ਪਸ਼ੂਆਂ ਦੀ ਨਿਆਂਈ ਹੀ ਸਮਝਦੇ ਹਨ, ਪਈ ਕੁੱਝ ਵੀ ਬੋਲ ਕੇ ਮੂਰਖ ਬਣਾਈ ਜਾਓ, ਲੋਕ ਵਿਚਾਰੇ ਬੁੱਧੂ ਬਣ ਹੀ ਜਾਣਗੇ। ਉਹ ਸ਼ਾਇਦ ਖੁਦ ਇਹ ਸਮਝ ਤੋਂ ਵਾਂਝੇ ਹੁੰਦੇ ਹਨ ਕਿ ਹੁਣ ਲੋਕ ਭਾਂਵੇ ਕੁੱਝ ਹੱਦ ਤੱਕ ਭੋਲੇ ਜਰੂਰ ਹਨ,ਜਿਹੜੇ ਅਜੇ ਵੀ ਕੋਰੇ ਝੂਠ ਦਾ ਭਰੋਸਾ ਕਰ ਲੈਂਦੇ ਹਨ, ਪਰ ਪਹਿਲਾਂ ਵਰਗੇ ਭੋਲੇ ਨਹੀ,ਜਿਹੜੇ ਉਹਨਾਂ ਦੀਆਂ ਝੂਠੀਆਂ ਗੱਲਾਂ ਵਿੱਚ ਆਕੇ ਆਪਸ ਵਿੱਚ ਲੜਦੇ ਫਿਰਨਗੇ, ਡਾਂਗੋ ਸੋਟੀ ਹੋ ਕੇ ਸਿਰ ਪੜਵਾ ਲੈਣਗ। ਸ਼ੋਸ਼ਲ ਮੀਡੀਆ ਨੇ ਲੋਕਾਂ ਨੂੰ ਕਾਫੀ ਜਾਗ੍ਰਿਤ ਕਰ ਦਿੱਤਾ ਹੈ ਪਰੰਤੂ ਅਜਿਹੇ ਸਿਆਸੀ ਨੇਤਾਵਾਂ ਨੂੰ ਕੌਡੀਓਂ ਹੌਲੇ ਵੀ ਕਰ ਦਿੱਤਾ ਹੈ, ਜਿਹੜੇ ਥੁੱਕੀਂ ਵੜੇ ਪਕਾਉਣ ਵਿੱਚ ਕਾਫੀ ਸਫਲ ਮੰਨੇ ਜਾਂਦੇ ਰਹੇ ਹਨ। ਅਜਿਹੀ ਕਿਸਮ ਦੇ ਲੀਡਰ ਹਰ ਥਾਂ ਹੀ ਹੁੰਦੇ ਹਨ ਅਤੇ ਬਰਨਾਲਾ ਦੀ ਸਿਆਸਤ ਵਿੱਚ ਵੀ ਹਨ। ਇੱਥੇ ਵੀ ਕਾਫੀ ਲੰਮਾ ਅਰਸਾ ਬਰਨਾਲਾ ਨੂੰ ਜਿਲ੍ਹਾ ਬਨਾਉਣ ਦੇ ਨਾਮ 'ਤੇ ਸਿਆਸਤ ਦੀਆਂ ਰੋਟੀਆਂ ਪੱਕਦੀਆਂ ਰਹੀਆਂ ਹਨ। ਪ੍ਰੰਤੂ ਹੁਣ ਹਾਲਾਤ ਬਦਲ ਗਏ ਹਨ। ਹੁਣ ਉਪਰੋਕਤ ਕਿਸਮ ਦੇ ਨੇਤਾਵਾਂ ਦੀ ਦਾਲ ਨਹੀ ਗਲਦੀ", ਜਾਣੀ ਕਿ ਹੁਣ ਉਹ ਲੋਕਾਂ ਦੀਆਂ ਨਜਰਾਂ 'ਚੋਂ ਲਹਿ ਗਏ ਹਨ। ਅਜਿਹੇ ਨੇਤਾਵਾਂ ਦਾ ਹਾਲ ਦੇਖ ਕੇ ਸਰਦੂਲ ਸਿਕੰਦਰ ਦੇ ਇੱਕ ਉਦਾਸ ਗੀਤ ਦੀਆਂ ਇਹ ਸਤਰਾਂ ਯਾਦ ਆਉਂਦੀਆਂ ਹਨ ਅਖੇ ਜੇ ਉਂਜ ਗਿਰਦੀ ਤਾਂ ਚੁੱਕ ਲੈਂਦੇ, ਨਜਰਾਂ ਤੋਂ ਗਿਰ ਗਈ ਕੀ ਕਰੀਏ"'। ਗੱਲ ਸੱਚੀ ਵੀ ਹੈ ਨਜ਼ਰਾਂ 'ਚੋਂ ਡਿੱਗੇ ਨੂੰ ਭਲਾ ਕੌਣ ਚੁੱਕਦੈ? ਗੱਲਾਂ ਗੱਲਾਂ ਵਿੱਚ ਹੀ ਵੱਡੇ ਵੱਡੇ ਕਿਲੇ ਫਤਿਹ ਕਰਨ ਵਾਲੇ ਨੇਤਾ ਨੂੰ ਜਦੋਂ ਕਾਂਗਰਸ ਨੇ ਬਾਹਰ ਦਾ ਰਾਸਤਾ ਦਿਖਾ ਦਿੱਤਾ ਤਾਂ ਭਾਜਪਾ ਦੇ ਬੇੜੇ ਵਿੱਚ ਸਵਾਰ ਹੋ ਕੇ ਮੋਦੀ ਦੇ ਸੋਹਲੇ ਗਾਉਣ ਲੱਗ ਪਿਆ। ਚੋਣਾਂ ਦਾ ਮੌਸਮ ਤਾਂ ਨਹੀ ਸੀ, ਪਰ ਕਈ ਵਾਰ ਫਸਲਾਂ ਬੇਮੌਸਮੀਆਂ ਵੀ ਬੀਜਣੀਆਂ ਪੈ ਜਾਂਦੀਆਂ ਹਨ।

ਸੋ ਇੱਧਰ ਵੀ ਬੇਮੌਸਮੀ ਫਸਲ ਲਈ ਸਿਆਸਤ ਦਾ ਖੇਤ ਵਿਹਲਾ ਪਿਆ ਸੀ ਭਾਜਪਾ ਨੇ ਝੱਟ ਵੱਤਰ ਸੰਭਾਲ ਲਈ ਤੇ ਆਉਂਦਿਆਂ ਹੀ ਜਿਮਨੀ ਚੋਣ ਲਈ ਟਿਕਟ ਦੇ ਕੇ ਨਿਵਾਜ ਦਿੱਤਾ,ਭਾਂਵੇ ਨੇਤਾ ਜੀ ਜਾਣਦੇ ਸਨ ਕਿ ਜਮਾਨਤ ਜਬਤ ਹੋਣ ਤੋਂ ਕੋਈ ਨਹੀ ਬਚਾ ਸਕਦਾ,ਪਰ ਮਰਦਾ ਕੀ ਨਾ ਕਰਦਾ ਵਾਲੀ ਗੱਲ ਹੋਈ,ਚੋਣ ਲੜਨੀ ਪਈ,ਤੇ ਉਹੀ ਹੋਇਆ ਜਿਸਦਾ ਡਰ ਸੀ,ਉਧਰ ਨੇਤਾ ਜੀ ਇਹ ਸੋਚ ਸੋਚ ਕੇ ਮਨ ਨੂੰ ਧਰਵਾਸ ਦਿੰਦੇ ਰਹੇ ਕਿ ਚਲੋ ਕੋਈ ਗੱਲ ਨਹੀ,ਸੀਟ ਤਾਂ ਪੱਕੀ ਹੋਈ, 2024 ਦੀਆਂ ਲੋਕ ਸਭਾ ਚੋਣਾਂ ਕਿਹੜਾ ਜਿਆਦਾ ਦੂਰ ਨੇ ਫਿਰ ਸਹੀ। ਪ੍ਰੰਤੂ ਜਦੋਂ ਭਾਜਪਾ ਦਾ ਅਧਾਰ ਪੰਜਾਬ ਵਿੱਚ ਮੁੜ ਤੋਂ ਵਧਣਾ ਸੁਰੂ ਹੋ ਗਿਆ ਅਤੇ ਵੋਟ ਦਰ ਵੀ ਕਾਫੀ ਉੱਪਰ ਨੂੰ ਜਾ ਰਹੀ ਸੀ,ਤਾਂ ਭਾਜਪਾ ਦੇ ਨੇਤਾ ਜੀ ਨਾਲ ਕਾਂਗਰਸ ਤੋਂ ਵੀ ਮਾੜੀ ਕੀਤੀ ਤੇ ਟਿਕਟ ਉਹਦੇ ਤੋਂ ਵੱਡੇ ਕਾਰੋਬਾਰੀ ਨੂੰ ਦੇ ਦਿੱਤੀ। ਉਹ ਵਿਚਾਰਾ ਫਿਰ ਪ੍ਰੈਸ ਕਾਨਫਰੰਸਾਂ ਕਰਾਉਣ ਜੋਗਾ ਹੀ ਰਹਿ ਗਿਆ। ਜਿਵੇਂ ਕਹਿੰਦੇ ਹਨ ਕਿ ਜਾਂਦੇ ਚੋਰ ਦੀ ਤੜਾਗੀ ਹੀ ਸਹੀ ਸੋ ਨੇਤਾ ਜੀ ਹੁਣ ਫਿਰ ਠੰਡੇ ਘਰਾਂ 'ਚੋਂ ਬਾਹਰ ਆ ਕੇ ਲੋਕਾਂ ਦੀ ਫਿਕਰਮੰਦੀ ਕਰਨ ਲੱਗੇ ਹਨ। ਉਹ ਆਪਣੇ ਘਰ ਆਪਣੇ ਕੁੱਝ ਚਹੇਤਿਆਂ ਨੂੰ ਬੁਲਾਉਂਦੇ ਹਨ ਤੇ ਸਾਰਾ ਮਾਮਲਾ ਸਮਝਾਉਂਦੇ ਹਨ,ਫਿਰ ਕੁੱਝ ਗਿਣੇ ਚੁਣੇ ਪੱਤਰਕਾਰਾਂ ਨੂੰ ਸੱਦ ਕੇ ਪ੍ਰੈਸ ਵਾਰਤਾ ਕਰਦੇ ਹਨ,ਇਲਾਕੇ ਦੇ ਵਿਕਾਸ ਪ੍ਰਤੀ ਚਿੰਤਾ ਜਾਹਰ ਕਰਦੇ ਹਨ ਅਤੇ ਫਿਰ ਉਹਨਾਂ ਦੇ ਚਹੇਤੇ ਨੇਤਾ ਜੀ ਖਾਤਰ ਹਾਈਕਮਾਂਡ ਤੋਂ ਟਿਕਟ ਦੀ ਮੰਗ ਕਰਦੇ ਹਨ। ਨੇਤਾ ਜੀ ਨੂੰ ਪੂਰੀ ਆਸ ਹੁੰਦੀ ਹੈ ਕਿ ਵੋਟਰਾਂ,ਸਪੋਟਰਾਂ ਦੀ ਪੁਰਜੋਰ ਮੰਗ ਤੇ ਇਸ ਵਾਰ ਤਾਂ ਟਿਕਟ ਮਿਲ ਹੀ ਜਾਵੇਗੀ।

ਭਾਜਪਾ ਦੇ ਵਧੇ ਵੋਟ ਦਰ ਨੂੰ ਦੇਖਦਿਆਂ,ਉਹਨਾਂ ਨੂੰ ਇਹ ਵੀ ਪੂਰੀ ਆਸ ਹੁੰਦੀ ਹੈ ਕਿ ਇਸ ਵਾਰ ਜੇਕਰ ਟਿਕਟ ਮਿਲਦੀ ਹੈ,ਨਸ਼ਾਇਦ ਜਿੱਤ ਦਾ ਮੂੰਹ ਦੇਖਣਾ ਵੀ ਨਸੀਬ ਹੋ ਜਾਏ, ਕਿਉਕਿ ਸਿਆਣੇ ਕਹਿੰਦੇ ਹਨ ਕਿ 12 ਸਾਲਾਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ,ਸੋ ਨੇਤਾ ਜੀ ਹੁਰਾਂ ਦਾ ਹਾਲ ਤਾਂ ਰੂੜੀ ਤੋਂ ਵੀ ਮਾੜਾ ਹੈ,ਉਹਨਾਂ ਨੂੰ ਤਾਂ ਜਿੱਤ ਦਾ ਮੂੰਹ ਦੇਖਿਆਂ ਪੂਰੇ ਪੌਣੇ ਦੋ ਦਹਾਕੇ ਬੀਤ ਚੱਲੇ ਹਨ,ਪਰ ਕਿਸੇ ਪਾਸਿਓਂ ਵੀ ਠੰਡਾ ਬੁੱਲਾ ਨਹੀ ਆਇਆ। ਹੁਣ ਫਿਰ ਰੁੱਤ ਤਾਂ ਭਾਵੇਂ ਬੇਮੌਸਮੀ ਹੀ ਹੈ,ਪਰ ਨੇਤਾ ਜੀ ਨੇ ਕਿਸਮਤ ਅਜਮਾਉਣ ਲਈ ਜਿਮਨੀ ਚੋਣ ਲੜਨ ਦਾ ਮਨ ਬਣਾਇਆ ਹੋਇਆ ਹੈ,ਕਿਉਂਕਿ ਜਬ ਤੱਕ ਸੁਆਸ ਤਬ ਤੱਕ ਆਸੂ ਵਾਲੀ ਗੱਲ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਕਿਹੜਾ ਦੂਰ ਰਹਿ ਗਈਆਂ। ਹਰ ਰੋਜ ਇੱਕ ਦਿਨ ਘੱਟ ਜਾਂਦਾ ਹੈ। ਏਸੇ ਤਰ੍ਹਾਂ ਦੋ ਸਾਲ ਤੋਂ ਵੱਧ ਦਾ ਸਮਾਂ ਬੀਤ ਗਿਆ ਅਤੇ ਲਗਭਗ ਉਸ ਤੋਂ ਥੋੜਾ ਕੁ ਵੱਧ ਦਾ ਸਮਾਂ ਰਹਿ ਗਿਆ ਹੈ। ਜੇਕਰ ਇਸ ਵਾਰ ਚੋਰਾਂ ਨੂੰ ਮੋਰੂ ਨਾ ਪਏ ਤਾਂ ਨੇਤਾ ਜੀ ਫਿਰ ਮੈਦਾਨ ਵਿੱਚ ਜਰੂਰ ਗੱਜਣਗੇ। ਨਹੀ ਭਲਾ ਐਨੀ ਅੱਤ ਦੀ ਗਰਮੀ 'ਚ ਨੇਤਾ ਜੀ ਨੇ ਬਾਹਰ ਨਿਕਲਣ ਦਾ ਜੋਖਮ ਥੋੜੋ ਉਠਾਉਣਾ ਸੀ। ਨਾਲੇ ਹੁਣ ਉਮਰ ਵੀ ਤਾਂ ਨਹੀ ਰਹੀ ਐਨੀ ਗਰਮੀ ਝੱਲਣ ਦੀ। ਉੱਪਰੋਂ ਪਿਛਲੇ ਸਮਿਆਂ ਵਿੱਚ ਝੂਠ ਤੁਫਾਨ ਬੋਲ ਬੋਲ ਕੇ ਲਾਏ ਹੋਏ ਲਾਰਿਆਂ ਅਤੇ ਸੱਤਾ ਦੇ ਨਸ਼ੇ ਵਿੱਚ ਲੋਕਾਂ ਨਾਲ ਕੀਤੀਆਂ ਵਧੀਕੀਆਂ ਵੀ ਜੀਅ ਦਾ ਜੰਜਾਲ ਬਣੀਆਂ ਖੜੀਆਂ ਹਨ। ਲੋਕ ਆਪਣੇ ਨਾਲ ਹੋਏ ਧੋਖਿਆਂ ਦਾ ਹਿਸਾਬ ਜਾਨਣਾ ਚਾਹੁੰਦੇ ਨ। ਹੁਣ ਪਹਿਲਾਂ ਵਾਲੀ ਗੱਲ ਨਹੀ ਰਹੀ, ਹੁਣ ਤਾਂ ਲੋਕ ਸਵਾਲ ਵੀ ਕਰਨ ਲੱਗ ਪੈਂਦੇ ਹਨ,ਨੇਤਾ ਜੀ ਦਾ ਪਾਰਾ ਹੋਰ ਉੱਪਰ ਚਲਾ ਜਾਂਦਾ ਹੈ। ਨਾ ਹੀ ਕੁੱਝ ਬੋਲ ਸਕਦੇ ਹਨ ਅਤੇ ਨਾ ਹੀ ਸੁਭਾਅ ਮੁਤਾਬਿਕ ਚੁੱਪ ਹੀ ਰਹਿ ਸਕਦੇ ਹਨ, 'ਸੱਪ ਦੇ ਮੂੰਹ ਵਿਚ ਕੋਹੜ ਕਿਰਲੇ ਵਾਲੀ ਗੱਲ ਹੈ'।

ਗੁੱਸਾ ਵੀ ਬਹੁਤ ਆਉਂਦਾ ਹੈ,ਪਰ ਫਿਰ ਸਮੇਂ ਦੀ ਨਜਾਕਤ ਨੂੰ ਦੇਖਦਿਆਂ ਅਤੇ ਇਹ ਸੋਚ ਕੇ ਚੁੱਪ ਵੀ ਤਾਂ ਕਰਨਾ ਪੈਂਦਾ ਹੈ ਕਿ ਕੋਈ ਗੱਲ ਨੀ ਆਹ ਵੋਟਾਂ ਲੰਘ ਜਾਣ ਫਿਰ ਦੇਖਦੇ ਹਾਂ ਭਲਾ ਕੌਣ ਬੋਲਦੈ। ਸਿਆਣਿਆਂ ਨੇ ਕਿਹਾ ਹੈ ਨੌਕਰੀ ਕੀ ਤੇ ਨਖਰਾ ਕੀ ਪਰ ਰਾਜਨੀਤੀ ਵਿੱਚ ਤਾਂ ਉਸ ਤੋਂ ਵੀ ਮਾੜਾ ਹਾਲ ਹੈ। ਇੱਥੇ ਆ ਕੇ ਤਾਂ ਫੌਜਾਂ ਦੇ ਕਰਨੈਲ ਜਰਨੈਲ ਵੀ ਕੱਚੇ ਲਹਿ ਜਾਂਦੇ ਨੇ, ਨੇਤਾ ਜੀ ਤਾਂ ਫਿਰ ਵੀ ਕਾਰੋਬਾਰੀ ਬੰਦੇ ਨੇ। ਨਾਲੇ ਫਿਰ ਨੇਤਾ ਜੀ ਵਿਚਾਰੇ ਕੀਹਨੂੰ ਕੀਹਨੂੰ ਦੇਖਣਗੇ ਵੋਟਾਂ ਤਾਂ ਸੰਗਰਾਦ ਤੋਂ ਵੀ ਪਹਿਲਾਂ ਆ ਜਾਂਦੀਆਂ ਨ। ਚਲੋ ਖੈਰ ਦੇਖਦੇ ਹਾਂ ਨੇਤਾ ਜੀ ਦਾ ਕੌਡੀ ਮੁੱਲ ਪੈਂਦਾ ਵੀ ਹੈ ਜਾਂ ਫਿਰ ਜਨਤਾ ਦੀ ਵਾਧੂ ਦੀ ਫਿਕਰਮੰਦੀ 'ਚ ਠਨਾ ਸੁੱਤੀ ਨਾ ਕੱਤਿਆ ਦਾ ਦਰੇਗ ਉਮਰੋਂ ਪਹਿਲਾਂ ਹੀ ਬਜੁਰਗੀ ਦਾ ਅਹਿਸਾਸ ਕਰਵਾ ਕੇ ਘਰ ਬੈਠਣ ਲਈ ਮਜਬੂਰ ਕਰ ਦੇਵੇਗਾ। ਇਹ ਸਿਆਸਤ ਵੀ ਬੜੀ ਅਵੱਲੀ ਸ਼ੈਅ ਹੈ ਭਾਈ ਜੇਕਰ ਰਾਸ ਆ ਜਾਵੇ ਤਾਂ ਭੰਡਾਂ ਨੂੰ ਵੀ ਮਹਾਰਾਜੇ ਬਣਾ ਦਿੰਦੀ ਹੈ,ਜੇ ਰਾਸ ਨਾ ਆਵੇ ਤਾਂ ਡੀ ਸੀ, ਜਰਨੈਲਾਂ ਨੂੰ ਵੀ ਕੁਰਸੀ ਦੇ ਨੇੜੇ ਤੇੜੇ ਨਹੀ ਫਟਕਣ ਦਿੰਦੀ।




One Auto Repair
a1aurtorepair4@yahoo.com
ਏ ਵਨ ਆਟੋ ਰਿਪੇਅਰ ਸ਼ਾਪ
Tune up
Oil change
Transmission
Brakes
Engine
ਬ੍ਰੈਕ ਰਿਪੇਅਰ
ਆਇਲ ਬਦਲਣਾ
ਕਾਰਾਂ ਦੀ ਡਾਇਗਨੋਸਿਸ
ਟਿਊਨਅਪ
ਟ੍ਰਾਂਸਮਿਸਨਾਂ ਦਾ ਕੰਮ ਤੱਸਲੀਬਖਸ਼
24 ਘੰਟੇ ਉਪਲੱਬਧ
ਹਰ ਤਰ੍ਹਾਂ ਦੀ ਆਟੋ ਰਿਪੇਅਰ ਦਾ ਕੰਮ ਤੱਸਲੀਬਖਸ਼
ਫੋਰਗਨ ਅਤੇ ਡੋਮੇਸਟਿਕ ਕਾਰਾਂ ਦੀ ਰਿਪੇਅਰ
ਆਪਣੀਆਂ ਕਾਰਾਂ ਦੇ ਤੱਸਲੀਬਖਸ਼ ਰਿਪੇਅਰ ਲਈ ਪ੍ਰਦੀਪ ਸਿੰਘ ਨਾਲ
ਕਿਸੇ ਵੇਲੇ ਵੀ ਸੰਪਰਕ ਕਰ ਸਦਕੇ ਹੋਂ।
2213 Rockefeller Dr. Ste.D Ceres CA 95307
PH : (209) 537-5081, CELL : (209) 604-0354

# ਚਿੱਟਾ ਖਰਗੋਸ਼



ਇੱਕ ਵਾਰ ਦੀ ਗੱਲ ਹੈ। ਮੈਂ ਆਪਣੇ ਖੇਤ ਵਿੱਚ ਗਈ। ਮੈਂ ਉੱਥੇ ਇੱਕ ਖਰਗੋਸ਼ ਦੇਖਿਆ। ਉਸ ਦਾ ਰੰਗ ਚਿੱਟਾ ਸੀ। ਉਹ ਬਹੁਤ ਸੋਹਣਾ ਸੀ। ਮੈਂ ਉਸਨੂੰ ਖਾਣ ਲਈ ਰੋਟੀ ਪਾਈ। ਜਦ ਮੈਂ ਉਸਦੇ ਕੋਲ ਗਈ ਤਾਂ ਖਰਗੋਸ਼ ਭੱਜ ਗਿਆ। ਖਰਗੋਸ਼ ਬਹੁਤ ਸੋਹਣਾ ਸੀ। ਸਿੱਖਿਆ - ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਜਾਨਵਰਾਂ ਤੇ ਪੰਛੀਆਂ ਦੀ ਸੇਵਾ ਕਰਨੀ ਚਾਹੀਦੀ ਹੈ। ਜਾਨਵਰਾਂ ਤੇ ਪੰਛੀਆਂ ਦੀ ਸੇਵਾ ਕਰੋ।



ਅਵਨੀਤ ਕੌਰ, ਜਮਾਤ ਚੌਥੀ
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ,
ਗੰਭੀਰਪੁਰ ਲੋਅਰ, ਜਿਲ੍ਹਾ
ਰੂਪਨਗਰ,
ਗਾਈਡ ਅਧਿਆਪਕ
ਮਾਸਟਰ ਸੰਜੀਵ ਧਰਮਾਣੀ
9478561356

# ਹਕੀਕਤ

*-ਹਿੰਦੂ ਅੱਤਵਾਦ ਨੇ ਤਾਕਤ ਹੱਥ ਆਉਂਦਿਆਂ ਹੀ, 'ਏਕ ਪਿਤਾ ਏਕਸ ਕੇ ਹਮ ਬਾਰਿਕ' ਤੇ 'ਸਭੇ ਸਾਂਝੀਵਾਲ ਸਦਾਇਨਿ' ਦੀ ਧਾਰਨੀ ਸਿੱਖ ਕੌਮ ਨੂੰ ਅਕਤੂਬਰ 1947 ਵਿਚ ਜਰਾਇਮ ਪੇਸ਼ਾ ਕੌਮ ਦਾ ਕਰਾਰ ਦੇ ਦਿੱਤਾ ਗਿਆ। ਹਿੰਦੋਸਤਾਨੀਓ ਜੇ ਸਿੱਖ ਜਰਾਇਮ ਪੇਸ਼ਾ ਹਨ ਤਾਂ ਫਿਰ ਇਨ੍ਹਾਂ ਵੱਲੋਂ ਹਿੰਦੋਸਤਾਨ ਤੋਂ ਵੱਖ ਹੋ ਕੇ ਖ਼ਾਲਸਤਾਨ ਬਣਾਉਣ ਦਾ ਵਿਰੋਧ ਕਿਉਂ ਕਰਦੇ ਹੋ?

*-ਪਹਿਲੀ ਜੂਨ 1948 ਤੋਂ ਪੰਜਾਬ ਵਿਚ ਪੰਜਾਬੀ ਨੂੰ ਵਿਦਿਆ ਦਾ ਮਾਧਿਆਮ ਬਣਾਇਆ ਗਿਆ ਜਿਸ ਤੇ ਮਹਾਸ਼ਾ ਪ੍ਰੈਸ ਦੇ ਸੱਤੀਂ ਕਪੜੀਂ ਅੱਗ ਲੱਗ ਗਈ ਅਤੇ ਪੰਜਾਬੀ ਵਿਰੁਧ ਧੂਆਂਧਾਰ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ। ਹਿੰਦੂਆਂ ਵੱਤਲੋਂ ਸਿੱਖਾਂ ਨਾਲ ਪਾੜਾ ਵਧਾਉਣਾ ਸ਼ੁਰੂ ਕਰ ਦਿੱਤਾ। ਇਸੇ ਵਧੇ ਪਾੜੇ ਚੋਂ ਹੀ ਖ਼ਾਲਸਤਾਨ ਦਾ ਜਨਮ ਹੋਇਆ ਹੈ।

*-26 ਜਨਵਰੀ 1950 ਤੋਂ ਵਿਧਾਨ ਲਾਗੂ ਹੋਇਆ ਜਿਸ ਵਿਚ ਹਿੰਦੂ ਕੋਡ ਬਿਲ ਦੀ ਧਾਰਾ 25 ਅਨੁਸਾਰ ਸਿੱਖਾਂ ਨੂੰ ਜੈਨੀ ਤੇ ਬੋਧੀਆਂ ਵਾਂਗ ਹਿੰਦੂ ਕਰਾਰ ਦੇ ਦਿੱਤਾ ਗਿਆ। ਧਾਰਾ 25 ਦੇ ਵਿਰੋਧ ਵਿਚੋਂ ਖ਼ਾਲਸਤਾਨ ਦਾ ਜਨਮ ਹੋਇਆ ਹੈ।

*-ਹਿੰਦੂ ਰਾਸ਼ਟਰਵਾਦ ਵੱਲੋਂ ਘਟਗਿਣਤੀਆਂ ਦੀਆਂ ਕੌਮੀਅਤਾਂ ਨੂੰ ਰਾਸ਼ਟਰਵਾਦ ਦੇ ਨਾਂ ਥੱਲੇ ਇਸ ਢੰਗ ਨਾਲ ਤਬਾਹ ਕੀਤਾ ਜਾ ਰਿਹਾ ਹੈ ਕਿ ਲੁੱਟੇ ਜਾਣ ਵਾਲੇ ਨੂੰ ਪਤਾ ਤਕ ਨਾ ਲੱਗੇ ਕਿ ਕਦੋਂ ਜੇਬ-ਕੁਤਰਾ ਆਪਣਾ ਸਫ਼ਾਈ ਦਾ ਕੰਮ ਕਰ ਗਿਆ। ਪਰ ਹੁਣ ਸਿੱਖ ਕੌਮ ਜਾਗ ਚੁੱਕੀ ਹੈ, ਸਮਝ ਚੁੱਕੀ ਹੈ, ਪੜ੍ਹ ਚੁੱਕੀ ਹੈ, ਵਿਚਾਰ ਚੁੱਕੀ ਹੈ। ਹਿੰਦੂ ਰਾਸ਼ਟਰਵਾਦੀਆਂ ਵੱਲੋਂ ਸਿੱਖ ਕੌਮ ਨੂੰ ਹੋਰ ਲੁੱਟੇ ਜਾਣ ਤੋਂ ਬਚਾਉਣ ਲਈ ਖ਼ਾਲਸਤਾਨ ਦਾ ਜਨਮ ਹੋਇਆ ਹੈ।

*-ਵੱਖ ਵੱਖ ਰਾਜਾਂ ਦੇ ਭਾਂਤ ਭਾਂਤ ਦੇ ਸਾਜ਼ਾਂ ਦੇ ਸੁਰ-ਮੇਲ ਨਾਲ ਇਕਸੁਰਤਾ ਤਾਂ ਪੈਦਾ ਕੀਤੀ ਜਾ ਸਕਦੀ ਹੈ ਪਰ ਹਿੰਦੂ ਰਾਸ਼ਟਰਵਾਦ ਵਿਚ ਇਕਸਾਰਤਾ ਨਹੀਂ ਪੈਦਾ ਕੀਤੀ ਜਾ ਸਕਦੀ।

*-ਪੰਜਾਬੀ ਦੀ ਹੋਂਦ ਨੂੰ ਹਿੰਦਣੀ ਬਣਨ ਤੋਂ ਬਚਾਉਣ ਲਈ ਖ਼ਾਲਸਤਾਨ ਦੀ ਪ੍ਰਾਪਤੀ ਜ਼ਰੂਰੀ ਹੈ।



**Paramjit Singh Sekhon (Dakha)**
President, Dal Khalsa Alliance
1700 Shattuck Ave, # 303 Berkeley
CA 94709. (510)774 5909.
*A Nonprofit Organization Dedicated to Public Awareness*

**LARRY T. NIERMEYER**



**Attorney at Law**

OFFERING SERVICES IN THE FOLLOWING AREAS



1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation



**PHONE: (209) 574-9447**

**1420 F STREET ST_ 2ND FLOOR MODESTO, CA 95354**

Email : ltniermeyer@aol.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

**ਸੈਕਰਾਮੈਂਟੋ, ਕੈਲੀਫੋਰਨੀਆ**

**AUTO • HOME • TRUCK • BUSINESS • LIFE • MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com






SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

**ਸੰਪਰਕ: +1 (209) 303-1260**